ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

Vol 19*Issue 143 Wednesday, July 29, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਲਿਬਰਲਾਂ ਨਾਲ ਨੇੜਤਾ ਕਾਰਨ ਨਹੀਂ ਸੀ ਮਿਲੀ ਵੁਈ ਚੈਰਿਟੀ ਨੂੰ ਡੀਲ : ਕੋ-ਫਾਊਂਡਰਜ਼



ਓਟਵਾ, 28 ਜੁਲਾਈ (ਪੋਸਟ ਬਿਊਰੋ) : ਵੁਈ ਚੈਰਿਟੀ ਦੇ ਸਹਿ ਬਾਨੀ ਕ੍ਰੇਗ ਤੇ ਮਾਰਕ ਕੀਲਬਰਗਰ ਵੱਲੋਂ ਇਸ ਗੱਲ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਕਿ ਲਿਬਰਲ ਸਿਆ-ਸਤਦਾਨਾਂ ਨਾਲ ਨੇੜਲੇ ਸਬੰਧਾਂ ਕਾਰਨ ਹੀ ਉਨ੍ਹਾਂ ਨੂੰ 912 ਮਿਲੀਅਨ ਡਾਲਰ ਵਾਲਾ ਸਟੂਡੈਂਟ ਵਾਲੰਟੀਅਰ ਗ੍ਰਾਂਟ ਪ੍ਰੋਗਰਾਮ ਹਾਸਲ ਹੋਇਆ। ਇਸ ਪ੍ਰੋਗਰਾਮ ਉੱਤੇ ਹਾਲ ਦੀ ਘੜੀ ਰੋਕ ਲਾ ਦਿੱਤੀ ਗਈ ਹੈ। ਮੰਗਲਵਾਰ ਨੂੰ ਇਹ ਦੋਵੇਂ ਸ਼ਖਸ ਹਾਊਸ ਆਫ ਕਾਮਨਜ਼ ਦੀ ਫਾਇਨਾਂਸ ਕਮੇਟੀ ਸਾਹਮਣੇ ਪੇਸ਼ ਹੋਏ। ਫੈਡਰਲ ਸਰਕਾਰ ਨਾਲ ਜੁੜੇ ਇਸ ਵਿਵਾਦ ਦੇ ਸਬੰਧ ਵਿੱਚ ਕਈ ਘੰਟਿਆਂ ਤੱਕ ਉਨ੍ਹਾਂ ਤੋਂ ਪੁੱਛਗਿੱਛ ਹੁੰਦੀ ਰਹੀ। ਪਰ ਉਨ੍ਹਾਂ ਆਖਿਆ ਕਿ ਉਨ੍ਹਾਂ ਵੱਲੋਂ ਲੋਕਾਂ ਦੀ ਸੇਵਾ ਕਰਨ ਲਈ ਇਹ ਪ੍ਰੋਗਰਾਮ ਸਵੀਕਾਰ ਕੀਤਾ ਗਿਆ ਸੀ ਨਾ ਕਿ ਸਰਕਾਰ ਵੱਲੋਂ ਉਨ੍ਹਾਂ ਦੀ ਮਦਦ ਲਈ ਇਹ ਪ੍ਰੋਗਰਾਮ ਉਨ੍ਹਾਂ ਨੂੰ ਦਿੱਤਾ ਗਿਆ ਸੀ। ਕ੍ਰੇਗ ਕੀਲਬਰਗਰ ਨੇ ਕਮੇਟੀ ਨੂੰ ਦੱਸਿਆ ਕਿ ਇਸ ਪ੍ਰੋਗਰਾਮ ਨੂੰ ਬਹੁਤ ਪਹਿਲਾਂ ਹੀ ਸ਼ੁਰੂ ਕਰਨ ਦੀਆਂ ਤਿਆਰੀਆਂ ਇਸ ਲਈ ਕੀਤੀਆਂ ਗਈਆਂ ਸਨ ਕਿਉਂਕਿ ਉਹ ਇਸ ਪ੍ਰੋਗਰਾਮ ਨੂੰ ਲੈ ਕੇ ਕਾਫੀ ਉਤਾਵਲੇ ਸਨ। ਅਜਿਹਾ ਇਸ ਲਈ ਨਹੀਂ ਸੀ ਕੀਤਾ ਗਿਆ ਕਿ ਉਨ੍ਹਾਂ ਨੂੰ ਫੈਡਰਲ ਸਰਕਾਰ ਵੱਲੋਂ ਐਡਵਾਂਸ ਵਿੱਚ ਕੋਈ ਜਾਣਕਾਰੀ ਦਿੱਤੀ ਗਈ ਸੀ। ਦੋਵਾਂ ਨੇ ਆਖਿਆ ਕਿ ਚੈਰਿਟੀ ਕੰਜ਼ਰਵੇਟਿਵ ਤੇ ਐਨਡੀਪੀ ਸਿਆ-ਸਤਦਾਨਾਂ ਨਾਲ ਵੀ ਅਤੀਤ ਵਿੱਚ ਕੰਮ ਕਰ ਚੁੱਕੀ ਹੈ।

ਪਿਛਲੇ ਮਹੀਨੇ ਵੁਈ ਚੈਰਿਟੀ ਉਸ ਸਮੇਂ ਚਰਚਾ ਵਿੱਚ ਆਈ ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਐਲਾਨ ਕੀਤਾ ਕਿ ਉਨ੍ਹਾਂ ਦੀ ਆਰਗੇਨਾਈਜ਼ੇਸ਼ਨ ਨੂੰ ਸਟੂਡੈਂਟ ਵਾਲੰਟੀਅਰ ਗ੍ਰਾਂਟ ਪ੍ਰੋਗਰਾਮ ਚਲਾਉਣ ਦੀ ਪੇਸ਼ਕਸ਼ ਕੀਤੀ ਗਈ ਹੈ। ਪ੍ਰਧਾਨ ਮੰਤਰੀ ਟਰੂਡੋ ਤੇ ਉਨ੍ਹਾਂ ਦੇ ਪਰਿਵਾਰ ਦੇ ਇਸ ਚੈਰਿਟੀ ਨਾਲ ਨਜ਼ਦੀਕੀ ਸਬੰਧ ਸਾਹਮਣੇ ਆਉਣ ਤੋਂ ਬਾਅਦ ਵੁਈ ਚੈਰਿਟੀ ਨੂੰ ਇਸ ਪ੍ਰੋਗਰਾਮ ਨਾਲੋਂ ਵੱਖ ਕਰ ਦਿੱਤਾ ਗਿਆ। ਜਿਸ ਤੋਂ ਬਾਅਦ ਫੈਡਰਲ ਸਰਕਾਰ ਦੇ ਪਲੈਨ ਬੀ ਦੀ ਹਜ਼ਾਰਾਂ ਵਿਦਿਆਰਥੀ ਉਡੀਕ ਕਰ ਰਹੇ ਹਨ ਪਰ ਇਸ ਬਾਰੇ ਸਰਕਾਰ ਫਿਲਹਾਲ ਚੁੱਪ ਹੈ।

ਟਰੂਡੋ ਤੇ ਉਨ੍ਹਾਂ ਦੇ ਚੀਫ ਆਫ ਸਟਾਫ ਕੇਟੀ ਟੈਲਫੋਰਡ ਵੀਰਵਾਰ ਨੂੰ ਕਮੇਟੀ ਸਾਹਮਣੇ ਪੇਸ਼ ਹੋ ਕੇ ਇਸੇ ਮੁੱਦੇ ਉਤੇ ਆਪੋ ਆਪਣਾ ਪੱਖ ਰੱਖਣਗੇ। ਕਿਸੇ ਵੀ ਮੌਜੂਦਾ ਪ੍ਰਧਾਨ ਮੰਤਰੀ ਦਾ ਪਾਰਲੀਆਮੈਂਟਰੀ ਕਮੇਟੀ ਸਾਹਮਣੇ ਪੇਸ਼ ਹੋ ਕੇ ਆਪਣਾ ਪੱਖ ਰੱਖਣਾ ਬਹੁਤ ਹੀ ਅਲੋਕਾਰੀ ਗੱਲ ਹੈ। ਆਖਰੀ ਵਾਰੀ ਅਜਿਹਾ ਚੌਦਾਂ ਸਾਲ ਪਹਿਲਾਂ 2006 ਵਿੱਚ ਉਦੋਂ ਹੋਇਆ ਸੀ ਜਦੋਂ ਤਤਕਾਲੀ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਸੈਨੇਟ ਕਮੇਟੀ ਸਾਹਮਣੇ ਪੇਸ਼ ਹੋ ਕੇ ਸੈਨੇਟ ਸੁਧਾਰਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਸੀ।

# ਬਰੈਂਪਟਨ ਵਿੱਚ ਵਾਪਰੇ ਗੋਲੀਕਾਂਡ ਵਿੱਚ ਲੜਕੀ ਦੀ ਹੋਈ ਮੌਤ, ਲੜਕਾ ਜ਼ਖ਼ਮੀ



ਟੋਰਾਂਟੋ, 28 ਜੁਲਾਈ (ਪੋਸਟ ਬਿਊਰੋ) : ਮੰਗਲਵਾਰ ਦੁਪਹਿਰ ਨੂੰ ਬਰੈਂਪਟਨ ਵਿੱਚ ਵਾਪਰੇ ਗੋਲੀਕਾਂਡ ਦੌਰਾਨ ਇੱਕ ਮਹਿਲਾ ਦੀ ਮੌਤ ਹੋ ਗਈ ਤੇ ਇੱਕ ਹੋਰ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਦੁਪਹਿਰੇ 2:30 ਵਜੇ ਡੀਅਰਪਾਰਕ ਕ੍ਰੀਸੈਂਟ ਤੇ ਫੇਅਰਲੇਨ ਐਵਨਿਊ ਨੇੜੇ ਸਥਿਤ ਇੱਕ ਘਰ ਵਿੱਚ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਪੀਲ ਰੀਜਨਲ ਪੁਲਿਸ ਕਾਂਸਟੇਬਲ ਕਾਇਲੇ ਵਿਲਰਜ਼ ਨੇ ਦੱਸਿਆ ਕਿ ਪੁਲਿਸ ਨੂੰ ਇੱਕ ਲੜਕਾ ਤੇ ਲੜਕੀ, ਜੋ ਕਿ ਆਪਣੇ 20ਵਿਆਂ ਵਿੱਚ ਸਨ, ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲੇ।

ਉਨ੍ਹਾਂ ਦੱਸਿਆ ਕਿ ਲੜਕੀ ਨੂੰ ਤਾਂ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਲੜਕੇ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਲਰਜ਼ ਨੇ ਆਖਿਆ ਕਿ ਦੋਵੇਂ ਹੀ ਇੱਕ ਦੂਜੇ ਨੂੰ ਜਾਣਦੇ ਸਨ ਤੇ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਦੋਵਾਂ ਦੇ ਨਜ਼ਦੀਕੀ ਸਬੰਧ ਸਨ। ਉਨ੍ਹਾਂ ਆਖਿਆ ਕਿ ਪੁਲਿਸ ਕਿਸੇ ਹੋਰ ਮਸ਼ਕੂਕ ਦੀ ਭਾਲ ਨਹੀਂ ਕਰ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਪਰਿਵਾਰਕ ਮੈਂਬਰ ਵੱਲੋਂ ਫੋਨ ਕਰਕੇ ਇਸ ਘਟਨਾ ਦੀ ਜਾਣਕਾਰੀ ਦਿੱਤੀ ਗਈ। ਵਿਲਰਜ਼ ਨੇ ਆਖਿਆ ਕਿ ਜ਼ਖ਼ਮੀ ਵਿਅਕਤੀ ਤੇ ਉਸ ਦਾ ਪਰਿਵਾਰ ਇਸ ਘਰ ਵਿੱਚ ਹੀ ਰਹਿੰਦਾ ਹੈ ਜਿੱਥੇ ਘਟਨਾ ਵਾਪਰੀ ਪਰ ਮਾਰੀ ਗਈ ਲੜਕੀ ਇਸ ਘਰ ਵਿੱਚ ਆਈ ਹੋਈ ਸੀ। ਉਨ੍ਹਾਂ ਆਖਿਆ ਕਿ ਇਹ ਸਭ ਕਿਉਂ ਅਤੇ ਕਿਵੇਂ ਵਾਪਰਿਆ ਇਸ ਬਾਰੇ ਹੁਣੇ ਤੋਂ ਕਿਆਸ ਲਾਉਣਾ ਜਲਦਬਾਜ਼ੀ ਹੋਵੇਗੀ। ਜਾਂਚਕਾਰਾਂ ਨੂੰ ਮੌਕੇ ਤੋਂ ਕੋਈ ਹਥਿਆਰ ਨਹੀਂ ਮਿਲੇ।

# 2024 ਤੋਂ ਪਹਿਲਾਂ ਨੌਰਮਲ ਨਹੀਂ ਹੋਣ ਵਾਲਾ ਹਵਾਈ ਸਫਰ



ਫਰੈਂਕਫਰਟ, 28 ਜੁਲਾਈ (ਪੋਸਟ ਬਿਊਰੋ) : ਗਲੋਬਲ ਹਵਾਈ ਸਫਰ ਉਮੀਦ ਨਾਲੋਂ ਮੱਠੀ ਰਫਤਾਰ ਨਾਲ ਲੀਹ ਉੱਤੇ ਆ ਰਿਹਾ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਸ ਨੂੰ ਮਹਾਂਮਾਰੀ ਤੋਂ ਪਹਿਲਾਂ ਵਾਲੀ ਸਥਿਤੀ ਵਿੱਚ ਆਉਣ ਲਈ ਅਜੇ 2024 ਤੱਕ ਦਾ ਸਮਾਂ ਲੱਗ ਜਾਵੇਗਾ। ਇਹ ਖੁਲਾਸਾ ਏਅਰਲਾਈਨ ਇੰਡਸਟਰੀ ਲਈ ਟਰੇਡ ਐਸੋਸਿਏਸ਼ਨ ਵੱਲੋਂ ਕੀਤਾ ਗਿਆ। ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸਿਏਸ਼ਨ ਵੱਲੋਂ ਅਮਰੀਕਾ ਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਆਊਟਬ੍ਰੇਕ ਨਾ ਰੁਕਣ ਕਾਰਨ ਇਨ੍ਹਾਂ ਪੇਸ਼ੀਨਿਗੋਈਆਂ ਨੂੰ ਇੱਕ ਸਾਲ ਹੋਰ ਅੱਗੇ ਪਾਇਆ ਗਿਆ ਹੈ। ਆਈਟੀਏ ਦੇ ਚੀਫ ਇਕਨੌਮਿਸਟ ਬ੍ਰਾਇਨ ਪੀਅਰਸ ਨੇ ਆਖਿਆ ਕਿ ਅਪਰੈਲ ਵਿੱਚ ਸਥਿਤੀ ਕੁੱਝ ਬਦਲਦੀ ਨਜ਼ਰ ਆ ਰਹੀ ਸੀ ਪਰ ਮਾੜੀ ਖਬਰ ਇਹ ਹੈ ਕਿ ਕਿਸੇ ਵੀ ਤਰ੍ਹਾਂ ਦੇ ਵਾਧੇ ਬਾਰੇ ਪਹਿਲਾਂ ਤੋਂ ਕੋਈ ਕਿਆਸ ਨਹੀਂ ਲਾਇਆ ਜਾ ਸਕਦਾ।

ਪੀਅਰਸ ਨੇ ਆਖਿਆ ਕਿ ਯੂਰਪ, ਅਮਰੀਕਾ ਤੇ ਚੀਨ ਵਿੱਚ ਤੇਜ਼ੀ ਨਾਲ ਕਾਰੋਬਾਰਾਂ ਦੇ ਖੁੱਲ੍ਹਣ ਦੇ ਬਾਵਜੂਦ ਹਵਾਈ ਸਫਰ ਨੂੰ ਉਹੋ ਜਿਹਾ ਹੁਲਾਰਾ ਨਹੀਂ ਮਿਲ ਪਾ ਰਿਹਾ ਹੈ ਜਿਹੋ ਜਿਹਾ ਮਿਲਣਾ ਚਾਹੀਦਾ ਹੈ। ਜੂਨ ਦੇ ਮਹੀਨੇ ਵਿੱਚ ਹਵਾਈ ਸਫਰ ਇੱਕ ਸਾਲ ਪਹਿਲਾਂ ਦੇ ਇਸੇ ਅਰਸੇ ਨਾਲੋਂ 86.5 ਫੀ ਸਦੀ ਘਟ ਰਿਹਾ, ਅਪਰੈਲ ਵਿੱਚ ਤਾਂ ਇਹ ਕਮੀ 94.1 ਦਰਜ ਕੀਤੀ ਗਈ ਸੀ।


# 50 ਡਾਲਰ ਦੇ ਨੋਟਾਂ ਦੀ ਕਿੱਲਤ ਦਾ ਸਾਹਮਣਾ ਕਰ ਰਿਹਾ ਹੈ ਬੈਂਕ ਆਫ ਕੈਨੇਡਾ

ਟੋਰਾਂਟੋ, 28 ਜੁਲਾਈ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਕਾਰਨ ਬੈਂਕ ਆਫ ਕੈਨੇਡਾ ਨੂੰ 50 ਡਾਲਰ ਦੇ ਨੋਟ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦਾ ਮੁੱਖ ਕਾਰਨ ਕੈਨੇਡੀਅਨਾਂ ਵੱਲੋਂ ਕੈਸ਼ ਜਮ੍ਹਾਂ ਕੀਤੇ ਜਾਣ ਨੂੰ ਵੀ ਮੰਨਿਆ ਜਾ ਰਿਹਾ ਹੈ। ਇੱਕ ਬਿਆਨ ਵਿੱਚ ਬੈਂਕ ਆਫ ਕੈਨੇਡਾ ਨੇ ਆਖਿਆ ਕਿ ਇਸ ਕਮੀ ਨਾਲ ਖਪਤਕਾਰਾਂ ਦੀ ਨਕਦੀ ਕਢਵਾਉਣ ਦੀ ਸਮਰੱਥਾ ਉੱਤੇ ਕੋਈ ਅਸਰ ਨਹੀਂ ਪਵੇਗਾ। ਬਿਆਨ ਜਾਰੀ ਕਰਕੇ ਬੈਂਕ ਨੇ ਆਖਿਆ ਕਿ ਸਾਡੇ ਕੋਲ ਸਟਾਕ ਵਿੱਚ ਅਜੇ ਵੀ 50 ਡਾਲਰ ਦੇ ਨੋਟ ਪਏ ਹਨ। ਪਰ ਅਗਲੇ ਕੁੱਝ ਹਫਤਿਆਂ ਤੱਕ ਬੈਂਕ ਕੋਲ ਅਜਿਹਾ ਸਟਾਕ ਬਣਿਆ ਰਹੇ ਇਸ ਲਈ ਥੋੜ੍ਹੀ ਬਹੁਤ ਐਡਜਸਟਮੈਂਟ ਕਰਨੀ ਪਵੇਗੀ।

ਇਹ ਐਡਜਸਟਮੈਂਟ ਵੀ ਗਰਮੀਆਂ ਦੇ ਅੰਤ ਤੱਕ ਸਟਾਕ ਦੀ ਮੁੜ ਭਰਪਾਈ ਸਬੰਧੀ ਸਾਡੀ ਨਿਯਮਿਤ ਚਾਰਾਜੋਈ ਵਿੱਚ ਹੋਈ ਦੇਰ ਤੇ ਪਿਛਲੇ ਕੁੱਝ ਮਹੀਨਿਆਂ ਵਿੱਚ ਮੰਗ ਵਧਣ ਕਾਰਨ ਕਰਨੀ ਪੈ ਰਹੀ ਹੈ। ਇਸ ਦੌਰਾਨ ਸਿਰਫ 50 ਡਾਲਰ ਦੇ ਨੋਟ ਦੀ ਹੀ ਥੋੜ੍ਹੀ ਤੰਗੀ ਆਈ ਹੈ ਤੇ ਇਹ ਵੀ ਅਸਥਾਈ ਹੈ। ਜਲਦ ਹੀ ਇਹ ਵੀ ਖਤਮ ਹੋ ਜਾਵੇਗੀ।

ਬੈਂਕ ਆਫ ਕੈਨੇਡਾ ਇਹ ਸਪਸ਼ਟ ਨਹੀਂ ਕਰ ਪਾਇਆ ਕਿ ਉਚੇਚੇ ਤੌਰ ਉੱਤੇ 50 ਡਾਲਰ ਦੇ ਨੋਟ ਦੀ ਮੰਗ ਵਿੱਚ ਹੀ ਕਿਉਂ ਵਾਧਾ ਹੋਇਆ। ਪਰ ਇਸ ਮਹੀਨੇ ਦੇ ਸ਼ੁਰੂ ਵਿੱਚ ਬੈਂਕ ਵੱਲੋਂ ਜਾਰੀ ਕੀਤੇ ਗਏ ਸਟਾਫ ਡਿਸਕਸ਼ਨ ਪੇਪਰ ਵਿੱਚ ਸਾਹਮਣੇ ਆਇਆ ਸੀ ਕਿ ਸਾਰੇ ਹੀ ਨੋਟਾਂ ਦੀ ਮੰਗ ਵਿੱਚ ਵਾਧਾ ਹੋਇਆ ਹੈ ਪਰ ਪਿਛਲੇ ਪੰਜ ਸਾਲਾਂ ਦੇ ਮੁਕਾਬਲੇ ਇਸ ਸਾਲ 20 ਡਾਲਰ ਤੇ 50 ਡਾਲਰ ਦੇ ਨੋਟ ਖਾਸੀ ਡਿਮਾਂਡ ਵਿੱਚ ਹਨ। ਅਪਰੈਲ ਤੇ ਮਈ ਵਿੱਚ ਤਾਂ ਇਨ੍ਹਾਂ ਦੋਵੇਂ ਤਰ੍ਹਾਂ ਦੇ ਨੋਟਾਂ ਦੀ ਮੰਗ ਹੋਰ ਵੀ ਜ਼ਿਆਦਾ ਰਹੀ।

# ਕੋਵਿਡ-19 ਦੇ ਮਰੀਜ਼ਾਂ ਨੂੰ ਰੈਮਡੈਜ਼ੀਵੀਅਰ ਦੇਣ ਦੀ ਹੈਲਥ ਕੈਨੇਡਾ ਨੇ ਦਿੱਤੀ ਇਜਾਜ਼ਤ



ਟੋਰਾਂਟੋ, 28 ਜੁਲਾਈ (ਪੋਸਟ ਬਿਊਰੋ) : ਅਸਲ ਵਿੱਚ ਈਬੋਲਾ ਦਾ ਇਲਾਜ ਕਰਨ ਲਈ ਵਰਤੀ ਜਾਣ ਵਾਲੀ ਐਂਟੀਵਾਇਰਲ ਵੈਕਸੀਨ ਰੈਮਡੈਜ਼ੀਵੀਅਰ ਦੀ ਕੋਵਿਡ-19 ਦੇ ਇਲਾਜ ਲਈ ਇਜਾਜ਼ਤ ਹੈਲਥ ਕੈਨੇਡਾ ਵੱਲੋਂ ਦੇ ਦਿੱਤੀ ਗਈ ਹੈ। ਹੈਲਥ ਕੈਨੇਡਾ ਵੱਲੋਂ ਮੰਗਲਵਾਰ ਨੂੰ ਐਲਾਨ ਕੀਤਾ ਗਿਆ ਕਿ ਰੈਮਡੈਜ਼ੀਵੀਅਰ ਦਵਾਈ ਦੀ ਵਰਤੋਂ ਉਨ੍ਹਾਂ ਮਰੀਜ਼ਾਂ ਲਈ ਕੀਤੀ ਜਾਵੇਗੀ ਜਿਨ੍ਹਾਂ ਵਿੱਚ ਕੋਵਿਡ-19 ਦੇ ਗੰਭੀਰ ਲੱਛਣ ਪਾਏ ਜਾਣਗੇ ਜਿਵੇਂ ਕਿ ਨਿਮੋਨੀਆ ਆਦਿ, ਇਸ ਤੋਂ ਇਲਾਵਾ ਇਹ ਦਵਾਈ ਉਨ੍ਹਾਂ ਮਰੀਜ਼ਾਂ ਨੂੰ ਵੀ ਦਿੱਤੀ ਜਾਵੇਗੀ ਜਿਨ੍ਹਾਂ ਨੂੰ ਸਾਹ ਲੈਣ ਵਾਸਤੇ ਵਾਧੂ ਆਕਸੀਜ਼ਨ ਦੀ ਲੋੜ ਹੋਵੇਗੀ।

ਰੈਮਡੈਜ਼ੀਵੀਅਰ ਅਜਿਹੀ ਪਹਿਲੀ ਦਵਾਈ ਹੈ ਜਿਸ ਨੂੰ ਕੈਨੇਡਾ ਵਿੱਚ ਕੋਵਿਡ-19 ਦੇ ਇਲਾਜ ਲਈ ਮਨਜ਼ੂਰੀ ਦਿੱਤੀ ਗਈ ਹੈ। ਇਸ ਦਵਾਈ ਨੂੰ ਐਮਰਜੰਸੀ ਹਾਲਾਤ ਵਿੱਚ ਅਮਰੀਕਾ, ਯੂਰਪ, ਜਾਪਾਨ, ਸਿੰਗਾਪੁਰ ਤੇ ਆਸਟਰੇਲੀਆ ਵਿੱਚ ਵੀ ਵਰਤੋਂ ਦੀ ਇਜਾਜ਼ਤ ਹੈ। ਇਸ ਤੋਂ ਪਹਿਲਾਂ ਵੀ ਹੋਰਨਾਂ ਵਾਇਰਲ ਇਨਫੈਕਸ਼ਨਜ਼ ਲਈ ਇਸ ਦਵਾਈ ਦੀ ਵਰਤੋਂ ਹੁੰਦੀ ਰਹੀ ਹੈ। ਹੈਲਥ ਕੈਨੇਡਾ ਅਨੁਸਾਰ ਕੈਨੇਡਾ ਵਿੱਚ ਰੈਮਡੈਜ਼ੀਵੀਅਰ ਦੀ ਵਰਤੋਂ ਉਨ੍ਹਾਂ ਮਰੀਜ਼ਾਂ ਉੱਤੇ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ ਜਿਨ੍ਹਾਂ ਦੀ ਉਮਰ 12 ਸਾਲ ਤੇ ਇਸ ਤੋਂ ਵੱਧ ਹੋਵੇ ਤੇ ਜਿਨ੍ਹਾਂ ਵਿੱਚ ਕੋਵਿਡ-19 ਦੇ ਗੰਭੀਰ ਲੱਛਣ ਹੋਣ, ਇਸ ਤੋਂ ਇਲਾਵਾ ਅਜਿਹੇ ਵਿਅਕਤੀ ਦਾ ਭਾਰ 40 ਕਿੱਲੋ ਤੋਂ ਉੱਪਰ ਹੋਣਾ ਚਾਹੀਦਾ ਹੈ। ਹੈਲਥ ਕੈਨੇਡਾ ਨੇ ਰੈਮਡੈਜ਼ੀਵੀਅਰ ਆਈਵੀ ਰਾਹੀਂ ਦੇਣ ਦੀ ਸਲਾਹ ਦਿੱਤੀ ਹੈ ਤੇ ਇਨ੍ਹਾਂ ਨੂੰ ਅਜਿਹੀਆਂ ਹੈਲਥਕੇਅਰ ਫੈਸਿਲਿਟੀਜ਼ ਵਿੱਚ ਵਰਤਣ ਦੀ ਸਿਫਾਰਿਸ਼ ਕੀਤੀ ਗਈ ਹੈ ਜਿੱਥੇ ਮਰੀਜ਼ਾਂ ਦੀ ਨੇੜਿਓਂ ਨਿਗਰਾਨੀ ਕੀਤੀ ਜਾ ਸਕੇ।

Best Insurance Rates
Auto - Home - Business
Dir: 647-400-2949
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

GOEL TRAVEL
Low Rates Best Service
900 Raylawson Blvd. Unit # 6, Brampton
905.796.0000

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

You can (905)793-2202
Place Your Business Here
To Reach Wider Audience

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | AvonFinancial Inc.
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਨਵਾਂ ਘਾਹ ਲਵਾਉ 647-784-1213
www.aaalandscaping.ca

SEHMBI RENOVATIONS
Custom Kitchen Cabinets
Legal Basement
Completly Furnished
Painting & Flooring
Jaswant Sehmbi: 647.524.0885

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
www.ksgpestcontrol.ca
ksgpestcontrol@gmail.com
Amarjeet Singh Gill

MANN LAW FIRM
Real Estate Law
Wills & Estates
Power of Attorney
Affidavits Notarization
Business Law
Family Law
Civil Litigation
Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਓਨਟਾਰੀਓ ਦੇ ਚਾਈਲਡ ਕੇਅਰ ਸੈਂਟਰਜ਼ ਵਿੱਚ ਬੱਚਿਆਂ ਦੀ ਗਿਣਤੀ ਵਧਾਉਣ ਦੀ ਦਿੱਤੀ ਗਈ ਇਜਾਜ਼ਤ



ਓਨਟਾਰੀਓ, 28 ਜੁਲਾਈ (ਪੋਸਟ ਬਿਊਰੋ) : ਪ੍ਰੋਵਿੰਸ ਵੱਲੋਂ ਹੌਲੀ ਹੌਲੀ ਅਰਥਚਾਰੇ ਨੂੰ ਖੋਲ੍ਹਣ ਦੀ ਕੀਤੀ ਜਾ ਰਹੀ ਕਵਾਇਦ ਦੇ ਮੱਦੇਨਜ਼ਰ ਓਨਟਾਰੀਓ ਵਿੱਚ ਚਾਈਲਡ ਕੇਅਰ ਸੈਂਟਰਜ਼ ਵਿੱਚ ਬੱਚਿਆਂ ਦੀ ਗਿਣਤੀ ਵਿੱਚ ਅੱਜ ਤੋਂ ਵਾਧਾ ਕੀਤੇ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਸਿੱਖਿਆ ਮੰਤਰਾਲੇ ਨੇ ਇਸ ਤੋਂ ਪਹਿਲਾਂ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਡੇਅਕੇਅਰ ਦੇ ਹਰ ਕਮਰੇ ਵਿੱਚ ਵਿਅਕਤੀਆਂ ਦੀ ਗਿਣਤੀ 10 ਤੱਕ ਸੀਮਤ ਰੱਖਣ ਦੀ ਹਦਾਇਤ ਦਿੱਤੀ ਸੀ। ਅੱਜ ਤੋਂ ਇੱਕ ਗਰੁੱਪ ਵਿੱਚ ਸਟਾਫ ਸਮੇਤ 15 ਬੱਚੇ ਸ਼ਾਮਲ ਕਰਨ ਦੀ ਖੁੱਲ੍ਹ ਦਿੱਤੀ ਜਾ ਰਹੀ ਹੈ।

ਇਸ ਪ੍ਰੋਗਰਾਮ ਤਹਿਤ ਬੱਚਿਆਂ ਦੇ ਗਰੁੱਪਜ਼ ਨੂੰ ਘੱਟੋਘੱਟ ਸੱਤ ਦਿਨਾਂ ਲਈ ਇੱਕਠਿਆਂ ਰਹਿਣਾ ਹੋਵੇਗਾ। ਇੱਕ ਗਰੁੱਪ ਦੇ ਬੱਚਿਆਂ ਨੂੰ ਦੂਜੇ ਗਰੁੱਪ ਦੇ ਬੱਚਿਆਂ ਨਾਲ ਮਿਕਸ ਨਹੀਂ ਕੀਤਾ ਜਾ ਸਕੇਗਾ। ਇੱਕ ਗਰੁੱਪ ਦਾ ਸਟਾਫ ਵੀ ਦੂਜੇ ਗਰੁੱਪ ਵਿੱਚ ਨਹੀਂ ਜਾ ਸਕੇਗਾ। ਇਹ ਵੀ ਆਖਿਆ ਗਿਆ ਹੈ ਕਿ ਸੁਪਰਵਾਈਜ਼ਰਜ਼ ਵੀ ਲੋੜ ਪੈਣ ਉੱਤੇ ਇੱਕ ਕਮਰੇ ਤੋਂ ਦੂਜੇ ਕਮਰੇ ਵਿੱਚ ਜਾਣ। ਮੰਤਰਾਲੇ ਦਾ ਕਹਿਣਾ ਹੈ ਕਿ ਇਨਫੈਂਟਸ ਨੂੰ ਇਸ ਫੈਸਲੇ ਤੋਂ ਪਾਸੇ ਰੱਖਿਆ ਗਿਆ ਹੈ ਕਿਉਂਕਿ ਉਨ੍ਹਾਂ ਨੂੰ ਕਦੇ ਵੀ 10 ਬੱਚਿਆਂ ਤੋਂ ਵੱਧ ਦੇ ਗਰੁੱਪ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

# ਵੇਜ ਸਬਸਿਡੀ ਬਾਰੇ ਬਿੱਲ ਨੂੰ ਸੈਨੇਟ ਨੇ ਦਿੱਤੀ ਮਨਜ਼ੂਰੀ



ਓਟਵਾ, 28 ਜੁਲਾਈ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੌਰਾਨ ਹਰ ਪਾਸਿਓਂ ਮਾਰ ਸਹਿ ਰਹੇ ਇੰਪਲੌਇਰਜ਼ ਲਈ ਫੈਡਰਲ ਸਰਕਾਰ ਵੱਲੋਂ ਐਮਰਜੰਸੀ ਵੇਜ ਸਬਸਿਡੀ ਪ੍ਰੋਗਰਾਮ ਵਿੱਚ ਵਾਧਾ ਕੀਤੇ ਜਾਣ ਸਬੰਧੀ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਗਈ। ਪਿਛਲੇ ਹਫਤੇ ਹਾਊਸ ਆਫ ਕਾਮਨਜ਼ ਵੱਲੋਂ ਪਾਸ ਕੀਤੇ ਗਏ ਪੈਕੇਜ ਵਿੱਚ ਮਹਿੰਗਾਈ ਦਾ ਸਾਹਮਣਾ ਕਰ ਰਹੇ ਅਪਾਹਜ ਲੋਕਾਂ ਦੀ ਮਦਦ ਲਈ ਵੀ ਇੱਕ ਵਾਰੀ ਆਰਥਿਕ ਮਦਦ ਸ਼ਾਮਲ ਕੀਤੀ ਗਈ, ਇਸ ਦੇ ਨਾਲ ਹੀ ਕੁੱਝ ਅਦਾਲਤੀ ਮਾਮਲਿਆਂ ਲਈ ਡੈਡਲਾਈਨਜ਼ ਵਿੱਚ ਵੀ ਵਾਧਾ ਕੀਤਾ ਗਿਆ। ਬਿੱਲ ਸੀ-20 ਨੂੰ ਬਿਨਾਂ ਕਿਸੇ ਤਬਦੀਲੀ ਦੇ ਪਾਸ ਕਰ ਦਿੱਤਾ ਗਿਆ। ਲਿਬਰਲ ਸਰਕਾਰ ਇਸ ਸਾਲ ਦੇ ਅੰਤ ਤੱਕ ਅਰਥਚਾਰੇ ਨੂੰ ਲੀਹ ਉੱਤੇ ਲਿਆਉਣਾ ਚਾਹੁੰਦੀ ਹੈ ਤੇ ਇਸ ਲਈ ਵੇਜ ਸਬਸਿਡੀ ਪ੍ਰੋਗਰਾਮ ਵਿੱਚ ਵਾਧਾ ਉਨ੍ਹਾਂ ਦੀ ਇਸ ਯੋਜਨਾ ਦਾ ਧੁਰਾ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਸੱਭ ਤੋਂ ਵੱਧ ਨੁਕਸਾਨ ਦੀ ਮਾਰ ਸਹਿ ਰਹੇ ਇੰਪਲੌਇਰਜ਼ ਦੀ ਮਦਦ ਕੀਤੀ ਜਾ ਰਹੀ ਹੈ ਤਾਂ ਕਿ ਮੰਦੀ ਦੇ ਦਰਮਿਆਨ ਵੀ ਉਹ ਆਪਣਾ ਕੰਮਕਾਜ ਜਾਰੀ ਰੱਖਣ ਤੇ ਆਪਣੇ ਵਰਕਰਜ਼ ਦੀ ਛਾਂਗੀ ਨਾ ਕਰਨ। ਇਸ ਬਿੱਲ ਨਾਲ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਇੰਪਲੌਇਰਜ਼ ਨੂੰ ਵੱਧ ਤੋਂ ਵੱਧ ਮਦਦ ਦਿੱਤੀ ਜਾਵੇਗੀ। ਪਰ ਸਰਕਾਰ ਦਸੰਬਰ ਤੱਕ ਹੌਲੀ ਹੌਲੀ ਸਬਸਿਡੀਜ਼ ਵਾਪਿਸ ਲੈਣ ਲੱਗੇਗੀ।

ਇਹ ਵਿਸ਼ੇਸ਼ ਸਿਟਿੰਗ ਇੱਕ ਤਰ੍ਹਾਂ ਕੰਜ਼ਰਵੇਟਿਵਜ਼ ਤੇ ਲਿਬਰਲ ਸਰਕਾਰ ਦੀ ਆਲੋਚਨਾ ਕਰਨ ਵਾਲੇ ਹੋਰ ਸੈਨੇਟਰਜ਼ ਲਈ ਸਰਕਾਰ ਦੀ ਨੁਕਤਾਚੀਨੀ ਕਰਨ ਦਾ ਮੌਕਾ ਵੀ ਸੀ ਕਿਉਂਕਿ ਆਲੋਚਕਾਂ ਮੁਤਾਬਕ ਕਈ ਮਹੀਨਿਆਂ ਤੋਂ ਚੱਲੇ ਆ ਰਹੇ ਸੰਕਟ ਨਾਲ ਲਿਬਰਲਾਂ ਨੇ ਸਹੀ ਢੰਗ ਨਾਲ ਨਹੀਂ ਨਜਿੱਠਿਆ। ਇਨ੍ਹਾਂ ਆਲੋਚਕਾਂ ਵੱਲੋਂ ਕੈਨੇਡਾ ਐਮਰਜੰਸੀ ਰਿਸਪਾਂਸ ਬੈਨੇਫਿਟ ਵਿੱਚ ਫਰਾਡ ਹੋਣ ਦਾ ਖਦਸ਼ਾ ਵੀ ਪ੍ਰਗਟਾਇਆ ਜਾ ਰਿਹਾ ਹੈ। ਇਸ ਦੌਰਾਨ ਵੁਈ ਆਰਗੇਨਾਈਜ਼ੇਸ਼ਨ ਨੂੰ ਦਿੱਤੀ ਗਈ ਤੇ ਰੱਦ ਹੋਈ ਸਟੂਡੈਂਟ ਵਾਲੰਟੀਅਰਿੰਗ ਪ੍ਰੋਗਰਾਮ ਸਬੰਧੀ ਡੀਲ ਬਾਰੇ ਵੀ ਚਰਚਾ ਕੀਤੀ ਗਈ।

# ਪਿਕਰਿੰਗ ਵਿੱਚ ਹੋਈ ਸ਼ੂਟਿੰਗ ਦੀ ਜਾਂਚ ਕਰ ਰਹੀ ਹੈ ਦਰਹਾਮ ਪੁਲਿਸ



ਦਰਹਾਮ, 28 ਜੁਲਾਈ (ਪੋਸਟ ਬਿਊਰੋ) : ਦਰਹਾਮ ਪੁਲਿਸ ਦਾ ਕਹਿਣਾ ਹੈ ਕਿ ਸੋਮਵਾਰ ਨੂੰ ਪਿਕਰਿੰਗ ਵਿੱਚ ਵਾਪਰੇ ਗੋਲੀਕਾਂਡ ਦੀ ਉਨ੍ਹਾਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਦਾ ਮੰਨਣਾ ਹੈ ਕਿ ਇਹ ਹਮਲਾ ਬਹੁਤ ਹੀ ਸੋਚ ਸਮਝ ਕੇ ਤੇ ਕਿਸੇ ਇੱਕ ਵਿਅਕਤੀ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ। ਪੁਲਿਸ ਅਧਿਕਾਰੀਆਂ ਨੂੰ ਕੱਲ੍ਹ ਸ਼ਾਮੀਂ 5:00 ਵਜੇ ਦੇ ਨੇੜੇ ਤੇੜੇ ਵੁਡਵਿਊ ਡਰਾਈਵ ਉੱਤੇ ਵਾਪਰੀ ਇਸ ਘਟਨਾ ਦੇ ਸਬੰਧ ਵਿੱਚ ਕਈ ਕਾਲਜ਼ ਆਈਆਂ। ਪੁਲਿਸ ਦਾ ਕਹਿਣਾ ਹੈ ਕਿ ਇੱਕ ਵਿਅਕਤੀ ਨੂੰ ਉਸ ਦੇ ਘਰ ਦੇ ਡਰਾਈਵ ਵੇਅ ਵਿੱਚ ਹੀ ਗੋਲੀਆਂ ਮਾਰੀਆਂ ਗਈਆਂ। ਚਸ਼ਮਦੀਦਾਂ ਨੇ ਪੁਰਾਣੇ ਮਾਡਲ ਦੀ ਟੌਇਟਾ ਕੋਰੋਲਾ ਜਾਂ ਕੈਮਰੀ ਵਿੱਚ ਇੱਕ ਮਸ਼ਕੂਕ ਨੂੰ ਇਸ ਇਲਾਕੇ ਵਿੱਚੋਂ ਜਾਂਦਿਆਂ ਵੇਖਿਆ। ਜ਼ਖ਼ਮੀ ਵਿਅਕਤੀ ਨੂੰ ਕਈ ਗੋਲੀਆਂ ਲੱਗੀਆਂ ਸਨ ਤੇ ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੁਲਿਸ ਦਾ ਇਹ ਵੀ ਮੰਨਣਾ ਹੈ ਕਿ ਮਸ਼ਕੂਕ ਤੇ ਜ਼ਖ਼ਮੀ ਵਿਅਕਤੀ ਇੱਕ ਦੂਜੇ ਨੂੰ ਜਾਣਦੇ ਸਨ।

# 14ਵੀਂ ਮੰਜ਼ਿਲ ਤੋਂ ਡਿੱਗਣ ਕਾਰਨ 2 ਸਾਲਾ ਬਚੇ ਦੀ ਹੋਈ ਮੌਤ



ਟੋਰਾਂਟੋ, 28 ਜੁਲਾਈ (ਪੋਸਟ ਬਿਊਰੋ) : ਜੇਨ ਤੇ ਫਿੰਚ ਏਰੀਆ ਵਿੱਚ ਬਾਲਕਨੀ ਤੋਂ ਡਿੱਗ ਜਾਣ ਕਾਰਨ ਦੋ ਸਾਲਾ ਬੱਚੇ ਦੀ ਮੌਤ ਹੋ ਗਈ। ਮੰਗਲਵਾਰ ਸ਼ਾਮੀਂ 5:00 ਵਜੇ ਪੁਲਿਸ ਅਧਿਕਾਰੀਆਂ ਨੂੰ ਡਰਿਫਟਵੁਡ ਐਵਨਿਊ ਤੇ ਯੌਰਕਵੁਡਜ਼ ਗੇਟ ਇਲਾਕੇ ਵਿੱਚ ਸੱਦਿਆ ਗਿਆ। ਪੁਲਿਸ ਨੇ ਆਖਿਆ ਕਿ ਇਹ ਮੰਨਿਆ ਜਾ ਰਿਹਾ ਹੈ ਕਿ ਇਹ ਬੱਚਾ ਇਮਾਰਤ ਦੀ 14ਵੀਂ ਮੰਜ਼ਿਲ ਤੋਂ ਹੇਠਾਂ ਡਿੱਗਿਆ। ਨਾਜ਼ੁਕ ਹਾਲਤ ਵਿੱਚ ਬੱਚੇ ਨੂੰ ਹਸਪਤਾਲ ਲਿਜਾਇਆ ਗਿਆ। ਪਰ ਹਸਪਤਾਲ ਵਿੱਚ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਸ ਦੀ ਮੌਤ ਹੋ ਗਈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਯੂ ਏ ਪੀ ਏ ਕਾਨੂੰਨ ਹੇਠ ਫੜੇ ਨੌਜਵਾਨਾਂ ਦੇ ਪਰਵਾਰਾਂ ਨਾਲ ਖਹਿਰਾ ਸਿੰਘ ਸਾਹਿਬਾਨ ਨੂੰ ਮਿਲੇ

ਅੰਮ੍ਰਿਤਸਰ, 28 ਜੁਲਾਈ (ਪੋਸਟ ਬਿਊਰੋ)- ਗ਼ੈਰ ਕਾਨੂੰਨੀ ਸਰਗਰਮੀਆਂ ਰੋਕਥਾਮ ਕਾਨੂੰਨ (ਯੂ ਏ ਪੀ ਏ) ਦੇ ਅਧੀਨ ਸਿੱਖ ਨੌਜਵਾਨਾਂ ਦੇ ਖ਼ਿਲਾਫ਼ ਸਰਕਾਰਾਂ ਵੱਲੋਂ ਕੇਸ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹ ਭੇਜਣ ਵਿਰੁੱਧ ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਪ੍ਰਭਾਵਿਤ ਨੌਜਵਾਨਾਂ ਦੇ ਪਰਵਾਰਾਂ ਨਾਲ ਕੱਲ੍ਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲੇ ਅਤੇ ਮੰਗ ਪੱਤਰ ਸੌਂਪਿਆ।

ਇਸ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਨੇ ਗ਼ੈਰ ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ ਦੀ ਦੁਰਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਬੀਤੇ ਸਮੇਂ ਵਿੱਚ 'ਯੂ ਏ ਪੀ ਏ' ਕਾਨੂੰਨ ਦੇ ਤਹਿਤ ਪੰਜਾਬ ਵਿੱਚ 16 ਕੇਸ ਦਰਜ ਕੀਤੇ ਗਏ ਹਨ ਅਤੇ ਦਰਜਨਾਂ ਨੌਜਵਾਨਾਂ ਨੂੰ ਖ਼ਾਲਿਸਤਾਨ ਦੇ ਸਮਰਥਕ ਅਤੇ 20-20 ਰੈਫਰੈਂਡਮ ਦੇ ਪੈਰੋਕਾਰ ਦੱਸ ਕੇ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਪੁਲਸ ਵਧੀਕੀਆਂ ਦਾ ਸ਼ਿਕਾਰ ਹੋਏ ਨੌਜਵਾਨਾਂ ਦੀ ਸਾਰ ਲੈਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤਾਂ ਕੀਤੀਆਂ ਜਾਣ।

ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ 'ਯੂ ਏ ਪੀ ਏ' ਹੇਠ ਪੁਲਸ ਵੱਲੋਂ ਸਿੱਖ ਨੌਜਵਾਨਾਂ ਨੂੰ ਹਿਰਾਸਤ ਲੈਣ ਬਾਰੇ ਜਾਣ ਕੇ ਬਹੁਤ ਦੁੱਖ ਹੋਇਆ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਕਿਹਾ ਕਿ ਸਰਕਾਰੀ ਦਮਨ ਦਾ ਸ਼ਿਕਾਰ ਹੋਏ ਨੌਜਵਾਨਾਂ ਦੇ ਕੇਸਾਂ ਦੀ ਪੈਰਵੀ ਕਰੇ, ਇਨ੍ਹਾਂ ਵਿੱਚ ਬਹੁਤੇ ਨੌਜਵਾਨ ਗ਼ਰੀਬ ਵਰਗ ਨਾਲ ਸਬੰਧਿਤ ਹਨ। ਉਨ੍ਹਾਂ ਕਿਹਾ ਲਵਪ੍ਰੀਤ ਸਿੰਘ ਖ਼ੁਦਕੁਸ਼ੀ ਅਤੇ ਹੋਰ ਸਾਰੇ ਕੇਸਾਂ ਦੀ ਨਿਆਂਇਕ ਜਾਂਚ ਹੋਣੀ ਚਾਹੀਦੀ ਹੈ।

# ਬੱਚਿਆਂ ਨੂੰ ਸਕੂਲ ਭੇਜਣ ਦੇ ਮੁੱਦੇ ਉੱਤੇ ਸ਼ਸ਼ੋਪੰਜ ਵਿੱਚ ਹਨ ਮਾਪੇ : ਸਰਵੇਖਣ



ਓਨਟਾਰੀਓ, 28 ਜੁਲਾਈ (ਪੋਸਟ ਬਿਊਰੋ) : ਬਹੁਤੇ ਕੈਨੇਡੀਅਨ ਮਾਪੇ ਇਸ ਗੱਲ ਨੂੰ ਲੈ ਕੇ ਸ਼ਸ਼ੋਪੰਜ ਵਿੱਚ ਫਸੇ ਹੋਏ ਹਨ ਕਿ ਸਤੰਬਰ ਵਿੱਚ ਜਾਂ ਜਦੋਂ ਵੀ ਸਕੂਲ ਖੁੱਲ੍ਹਦੇ ਹਨ ਉਦੋਂ ਆਪਣੇ ਬੱਚਿਆਂ ਨੂੰ ਕਲਾਸਾਂ ਵਿੱਚ ਭੇਜਿਆ ਜਾਵੇ ਜਾਂ ਨਹੀਂ। ਲੈਜਰ ਅਤੇ ਐਸੋਸਿਏਸ਼ਨ ਫੌਰ ਕੈਨੇਡੀਅਨ ਸਟੱਡੀਜ਼ ਵੱਲੋਂ ਕਰਵਾਏ ਗਏ ਸਰਵੇਖਣ ਅਨੁਸਾਰ ਪ੍ਰੋਵਿੰਸ਼ੀਅਲ ਸਰਕਾਰਾਂ ਇਸ ਮੁੱਦੇ ਉੱਤੇ ਕੰਮ ਕਰ ਰਹੀਆਂ ਹਨ ਕਿ ਵਿਦਿਆਰਥੀਆਂ ਨੂੰ ਕਲਾਸਾਂ ਵਿੱਚ ਕਿਸ ਤਰ੍ਹਾਂ ਵਾਪਿਸ ਲਿਆਂਦਾ ਜਾਵੇ। ਕੋਵਿਡ-19 ਮਹਾਂਮਾਰੀ ਕਾਰਨ ਬਹੁਤੇ ਸਕੂਲ ਮਾਰਚ ਦੇ ਮੱਧ ਤੋਂ ਹੀ ਬੰਦ ਪਏ ਹਨ।

ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 59 ਫੀ ਸਦੀ ਕੈਨੇਡੀਅਨਾਂ ਦਾ ਕਹਿਣਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਉਸ ਹਾਲ ਵਿੱਚ ਹੀ ਸਕੂਲ ਭੇਜਣਗੇ ਜੇ ਹਫਤੇ ਦੇ ਕੁੱਝ ਦਿਨ ਕਲਾਰਸਰੂਮਜ਼ ਵਿੱਚ ਕੁੱਝ ਹਦਾਇਤਾਂ ਨਾਲ ਸਕੂਲ ਖੋਲ੍ਹੇ ਜਾਣਗੇ। ਪਰ 18 ਫੀ ਸਦੀ ਨੇ ਆਖਿਆ ਕਿ ਉਹ ਆਪਣੇ ਬੱਚਿਆਂ ਨੂੰ ਘਰ ਰੱਖਣਾ ਹੀ ਪਸੰਦ ਕਰਨਗੇ ਜਦਕਿ ਬਾਕੀ ਰਹਿੰਦੇ 23 ਫੀ ਸਦੀ ਨੇ ਆਖਿਆ ਕਿ ਉਹ ਇਸ ਬਾਰੇ ਕੁੱਝ ਨਹੀਂ ਆਖ ਸਕਦੇ।

ਲੈਜਰ ਦੇ ਵਾਈਸ ਪ੍ਰੈਜ਼ੀਡੈਂਟ ਕ੍ਰਿਸਚੀਅਨ ਬੌਰਕ ਨੇ ਆਖਿਆ ਕਿ ਨੌਰਮਲ ਬੈਕ ਟੂ ਸਕੂਲ ਸਮੇਂ ਨਾਲੋਂ ਅਸੀਂ ਪੰਜ ਹਫਤੇ ਦੂਰ ਹਾਂ ਤੇ ਅਜੇ ਵੀ ਇੱਕ ਤਿਹਾਈ ਮਾਪਿਆਂ ਨੂੰ ਇਹ ਨਹੀਂ ਪਤਾ ਕਿ ਉਹ ਕੀ ਕਰਨਗੇ। ਇਹ ਸਾਰੀਆਂ ਗੱਲਾਂ ਅਜੇ ਹਵਾ ਵਿੱਚ ਹੀ ਹਨ ਕਿਉਂਕਿ ਪ੍ਰੋਵਿੰਸਾਂ ਨੇ ਅਜੇ ਇਨ੍ਹਾਂ ਬਾਰੇ ਕੋਈ ਫੈਸਲਾ ਨਹੀਂ ਕੀਤਾ। ਬਹੁਤੇ ਪ੍ਰੋਵਿੰਸ ਅਜੇ ਇਹ ਫੈਸਲਾ ਹੀ ਨਹੀਂ ਕਰ ਸਕੇ ਕਿ ਉਨ੍ਹਾਂ ਵੱਲੋਂ ਅਜੇ ਸਕੂਲ ਖੋਲ੍ਹੇ ਜਾਣੇ ਹਨ ਜਾਂ ਨਹੀਂ, ਜੇ ਅਜਿਹਾ ਹੈ ਤਾਂ ਕੀ ਇਨ੍ਹਾਂ ਸਕੂਲਾਂ ਨੂੰ ਫੁੱਲ ਟਾਈਮ ਲਈ ਖੋਲ੍ਹਿਆ ਜਾਵੇਗਾ ਜਾਂ ਫਿਰ ਕਿਸੇ ਤਰ੍ਹਾਂ ਦਾ ਹਾਈਬ੍ਰਿਡ ਮਾਡਲ ਅਪਣਾਇਆ ਜਾਵੇਗਾ।

ਕਿਊਬਿਕ ਦੇ ਬਹੁਤੇ ਮਾਪਿਆਂ ਵੱਲੋਂ ਇਹ ਆਖੇ ਜਾਣ ਦੀ ਸੰਭਾਵਨਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਲਈ ਤਿਆਰ ਹਨ। ਪ੍ਰੋਵਿੰਸ ਵੱਲੋਂ ਮਾਂਟਰੀਅਲ ਦੇ ਬਾਹਰਵਾਰ ਸਕੂਲ ਬਹਾਰ ਵਿੱਚ ਖੋਲ੍ਹੇ ਵੀ ਜਾ ਚੁੱਕੇ ਹਨ ਤੇ ਉਨ੍ਹਾਂ ਦੀ ਅਟੈਂਡੈਂਸ ਵਾਲੰਟੈਰੀ ਰੱਖੀ ਗਈ ਹੈ। ਪਰ ਅਲਬਰਟਾ ਦੇ ਮਾਪਿਆਂ ਵੱਲੋਂ ਆਪਣੇ ਬੱਚਿਆਂ ਨੂੰ ਘਰ ਵਿੱਚ ਹੀ ਰੱਖਿਆ ਜਾਵੇਗਾ ਜਦਕਿ ਬੀਸੀ ਦੇ ਬਹੁਤੇ ਮਾਪੇ ਅਜੇ ਇਸ ਬਾਰੇ ਕੋਈ ਫੈਸਲਾ ਨਹੀਂ ਕਰ ਸਕੇ ਹਨ।

# ਦਰਿਆਈ ਪਾਣੀਆਂ ਦਾ ਮਾਮਲੇ ਵਿਚ ਸੁਪਰੀਮ ਕੋਰਟ ਨੇ ਪੰਜਾਬ-ਹਰਿਆਣਾ ਨੂੰ ਨਿਬੇੜੇ ਵਾਸਤੇ ਗੱਲਬਾਤ ਕਰਨ ਲਈ ਕਿਹਾ

*** ਕੇਂਦਰ ਸਰਕਾਰ ਨੇ ਗੱਲਬਾਤ ਕਰਾਉਣ ਦਾ ਜ਼ਿੰਮਾ ਚੁੱਕਿਆ**

ਨਵੀਂ ਦਿੱਲੀ, 28 ਜੁਲਾਈ, (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਅੱਜ ਮੰਗਲਵਾਰ ਨੂੰ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਲੰਬੇ ਸਮੇਂ ਤੋਂ ਚੱਲ ਰਹੇ ਸਤਲੁਜ-ਯਮੁਨਾ ਲਿੰਕ (ਐੱਸ ਵਾਈ ਐੱਲ) ਮੁੱਦੇ ਉੱਤੇ ਗੱਲਬਾਤ ਰਾਹੀਂ ਸਮਝੌਤੇ ਦੀ ਕੋਸ਼ਿਸ਼ ਕਰਨ ਲਈ ਕਿਹਾ ਹੈ। ਜਸਟਿਸ ਅਰੁਣ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਉੱਚ ਰਾਜਨੀਤਿਕ ਪੱਧਰ ਉੱਤੇ ਗੱਲਬਾਤ ਹੋਣੀ ਚਾਹੀਦੀ ਹੈ। ਅਦਾਲਤਚਾਹੁੰਦੀਹੈ ਕਿ ਦੋਵੇਂ ਰਾਜ ਸਪਸ਼ਟ ਤੌਰ ਉੱਤੇ ਦੱਸਣ ਕਿ ਉਹ ਇਸ ਮੁੱਦੇ ਨੂੰ ਗੱਲਬਾਤ ਨਾਲ ਹੱਲ ਕਰ ਸਕਦੇ ਹਨ ਜਾਂ ਨਹੀਂ। ਇਸ ਕੇਸ ਦੀ ਅਗਲੀ ਸੁਣਵਾਈ ਅਗਸਤ ਦੇ ਤੀਜੇ ਹਫ਼ਤੇ ਹੋਣ ਦੀ ਸੰਭਾਵਨਾ ਹੈ।ਇਸ ਮੁੱਦੇ ਦੀ ਜੜ੍ਹ 1981 ਵਿੱਚ ਹੋਇਆ ਦਰਿਆਈ ਪਾਣੀਆਂ ਦੀ ਵੰਡ ਦਾ ਵਿਵਾਦ ਵਾਲਾ ਸਮਝੌਤਾ ਹੈ, ਜਿਹੜਾ ਹਰਿਆਣਾ ਦੇ 1966 ਵਿੱਚ ਪੰਜਾਬ ਤੋਂ ਵੱਖ ਹੋਣਪਿੱਛੋਂਕੀਤਾ ਗਿਆ ਸੀ।



ਵਰਨਣ ਯੋਗ ਹੈ ਕਿ ਉਸ ਵਕਤ ਪਾਣੀਆਂ ਦੀ ਵੰਡ ਦੇ ਬਾਅਦ ਹਰਿਆਣਾ ਨੂੰ ਪਾਣੀ ਦੇਣ ਲਈ ਸਤਲੁਜ-ਯਮਨਾ ਲਿੰਕ (ਐੱਸ ਵਾਈ ਐੱਲ) ਨਹਿਰ ਬਣਾਉਣ ਦਾ ਫੈਸਲਾ ਹੋਇਆ ਸੀ ਅਤੇ ਦੋਵਾਂ ਰਾਜਾਂ ਨੇ ਆਪੋ-ਆਪਣੇ ਇਲਾਕੇ ਅੰਦਰਇਸ ਨਹਿਰ ਦੀ ਉਸਾਰੀ ਕਰਨੀ ਸੀ। ਹਰਿਆਣਾ ਨੇ ਐੱਸ ਵਾਈ ਐੱਲ ਨਹਿਰ ਦਾ ਆਪਣੇ ਵੱਲ ਦਾ ਹਿੱਸਾ ਬਣਾ ਲਿਆ, ਪਰ ਪੰਜਾਬ ਨੇ ਇਸ ਬਾਰੇ ਸਹਿਮਤੀ ਨਾ ਹੋਣ ਕਾਰਨ ਕੰਮ ਰੋਕ ਦਿੱਤਾ ਸੀ।ਇਸ ਦੇ ਬਾਅਦ ਇਹ ਕੇਸ ਕੇਂਦਰ ਸਰਕਾਰ ਵੱਲੋਂ ਵੀ ਨਹੀਂ ਨਿਪਟਾਇਆ ਜਾ ਸਕਿਆ ਤੇ ਸੁਪਰੀਮ ਕੋਰਟ ਵਿੱਚ ਪੁੱਜ ਗਿਆ ਸੀ, ਜਿੱਥੋਂ ਕਈ ਫੈਸਲੇ ਆ ਚੁੱਕੇ ਹਨ, ਪਰ ਕੋਈ ਵੀ ਲਾਗੂ ਨਹੀਂ ਕੀਤਾ ਜਾ ਸਕਿਆ ਤੇ ਸੁਣਵਾਈ ਫਿਰ ਜਾਰੀ ਹੈ।

ਇਸ ਦੌਰਾਨ ਅੱਜ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਉਹ ਪੰਜਾਬ ਅਤੇ ਹਰਿਆਣਾ ਵਿਚਾਲੇ ਸਤਲੁਜ ਯਮੁਨਾ ਲਿੰਕ ਨਹਿਰ ਬਣਾਉਣ ਦੇ ਮੁੱਦੇ ਉੱਤੇ ਸੁਪਰੀਮ ਕੋਰਟ ਦੇ ਆਦੇਸ਼ ਉੱਤੇ ਇਕ ਹੋਰ ਪਹਿਲ ਕਰੇਗਾ। ਅੱਜ ਮੰਗਲਵਾਰ ਸੁਪਰੀਮ ਕੋਰਟ ਦੇ ਆਦੇਸ਼ ਪਿੱਛੋਂ ਕੇਂਦਰ ਸਰਕਾਰ ਅਗਸਤ ਮਹੀਨੇ ਵਿੱਚਦੋਵੇਂ ਰਾਜਾਂ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਕਰਾਏਗੀ। ਕੇਂਦਰ ਸਰਕਾਰ ਨੇ ਇਸ ਬਾਰੇ ਸੁਪਰੀਮ ਕੋਰਟ ਵਿੱਚ ਆਪਣਾ ਜਵਾਬ ਦੇ ਦਿੱਤਾ ਹੈ, ਪਰ ਇਹ ਕੰਮਸੌਖਾਨਹੀਂ ਹੈ।

ਸਾਲ 1966 ਵਿੱਚ ਪੰਜਾਬ ਤੋਂ ਵੱਖ ਹੋਏ ਹਰਿਆਣਾ ਰਾਜ ਨਾਲ ਪਾਣੀ ਦੀ ਵੰਡ ਬਾਰੇ ਵਿਵਾਦ ਸ਼ੁਰੂ ਹੋ ਗਿਆ ਸੀ ਤੇ ਇਸ ਬਾਰੇ ਪਿਛਲੇ ਸਾਲ ਸੁਪਰੀਮ ਕੋਰਟ ਦੇ ਆਦੇਸ਼ ਉੱਤੇ ਕੇਂਦਰ ਦੇ ਜਲ ਸ਼ਕਤੀ ਮੰਤਰਾਲੇ ਨੇ ਦੋਵੇਂ ਸੂਬਿਆਂ ਦੇ ਚੀਫ ਸੈਕਟਰੀਆਂ ਵਿਚਾਲੇ ਦੋ ਵਾਰ ਗੱਲਬਾਤ ਕਰਵਾਈ ਸੀ, ਪਰ ਇਸ ਦੌਰਾਨ ਹਰਿਆਣਾ 10 ਨਵੰਬਰ 2016 ਨੂੰ ਸੁਪਰੀਮ ਕੋਰਟ ਵੱਲੋਂ ਦਿੱਤੇ ਫ਼ੈਸਲੇ ਨੂੰ ਲਾਗੂ ਕਰਨ ਉੱਤੇ ਅੜਿਆ ਰਿਹਾ ਸੀ ਅਤੇ ਪੰਜਾਬ ਨੇ ਵੀ ਨਰਮੀ ਨਹੀਂ ਸੀ ਵਿਖਾਈ। ਇਸ ਕਾਰਨ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੋਂ ਦੋਵੇਂ ਰਾਜਾਂ ਦੇ ਮੁੱਖ ਮੰਤਰੀਆਂ ਦੀ ਗੱਲਬਾਤ ਕਰਾਉਣ ਨੂੰ ਕਿਹਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6

Emergency Contact: 416.910.5676
www.shergilllawfirm.ca


## ਅ ਅੱਜ ਨਾਮਾ >>

ਲੈ ਕੇ ਆਏ ਟਰੈਕਟਰ ਕਿਰਸਾਨ ਫਿਰ ਤੋਂ,
ਪਰਗਟ ਕਰਨ ਲਈ ਸਿਰੇ ਦਾ ਰੋਹ ਬੇਲੀ।
ਕਹਿੰਦੇ ਨੀਤੀ ਆ ਕੇਂਦਰ ਦੀ ਬੜੀ ਪੁੱਠੀ,
ਬਚਦੀ ਬੁਰਕੀ ਵੀ ਲਊ ਇਹ ਖੋਹ ਬੇਲੀ।
ਹਰ ਇੱਕ ਕਦਮ ਅਮੀਰਾਂ ਦਾ ਪੱਖ ਲੈਂਦਾ,
ਪਬਲਿਕ ਨਾਲ ਨਹੀਂ ਕੋਈ ਹੈ ਮੋਹ ਬੇਲੀ।
ਲੰਘਦਾ ਪਾਣੀ ਪਿਆ ਜਾਂਵਦਾ ਸਿਰਾਂ ਉੱਤੋਂ,
ਧੱਕੇ ਕਰਨ ਵਿੱਚ ਸਿਖਰ ਗਈ ਛੋਹ ਬੇਲੀ।
ਆਖਿਆ ਅਗੋਂ ਫਿਰ ਭਾਜਪਾ 'ਕਾਲੀਆਂ ਨੇ,
ਜਾਣਦੇ ਤੁਸੀਂ ਨਹੀਂ ਮੋਦੀ ਦੀ ਰਮਜ਼ ਬੇਲੀ।
ਮਾੜੀ ਨੀਤੀ ਨਹੀਂ, ਮਾੜਾ ਪ੍ਰਚਾਰ ਹੋਇਆ,
ਆਉਣੀ ਤੁਸਾਂ ਨੂੰ ਕਦੇ ਨਹੀਂ ਸਮਝ ਬੇਲੀ।

**ਤੀਸ ਮਾਰ ਖਾਂ**

# ਪੰਜਾਬ ਵਿੱਚ ਇੱਕੋ ਦਿਨ 612 ਨਵੇਂ ਕੇਸ ਮਿਲੇ, 19 ਮੌਤਾਂ

## * ਕੇਂਦਰੀ ਜੇਲ੍ਹ ਗੁਰਦਾਸਪੁਰਨੂੰ ਕੋਵਿਡ ਜੇਲ੍ਹ ਬਣਾਇਆ ਗਿਆ * ਭਾਰਤ ਵਿੱਚ 24 ਘੰਟਿਆਂ ਵਿੱਚ 47 ਹਜ਼ਾਰ ਤੋਂਵੱਧਨਵੇਂ ਕੇਸ ਮਿਲੇ

ਚੰਡੀਗੜ੍ਹ, 29 ਜੁਲਾਈ, (ਪੋਸਟ ਬਿਊਰੋ)-ਪੰਜਾਬ ਵਿੱਚ ਕੋਰੋਨਾਵਾਇਰਸ ਦੀ ਮਾਰ ਵਧ ਰਹੀ ਹੈ। ਮੰਗਲਵਾਰ ਦੇ ਦਿਨ 612 ਨਵੇਂ ਕੇਸ ਮਿਲਣ ਨਾਲ ਇਸ ਰਾਜ ਵਿੱਚ ਕੋਰੋਨਾ ਕੇਸਾਂ ਦੀ ਗਿਣਤੀ 14378 ਹੋ ਗਈ ਹੈ। ਇਸ ਦੌਰਾਨ 19 ਮੌਤਾਂ ਹੋਣ ਦੀ ਵੀ ਖ਼ਬਰ ਆਈ ਹੈ, ਜਿਸ ਨਾਲ ਮੌਤਾਂ ਦੀ ਕੁੱਲ੍ਹ ਗਿਣਤੀ 336 ਹੋ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਮੰਗਲਵਾਰ ਦੇ ਦਿਨ ਪੰਜਾਬ ਵਿੱਚ ਕੋਰੋਨਾ ਵਾਇਰਸ ਦੇ 612 ਨਵੇਂ ਕੇਸ ਪਤਾ ਲੱਗੇ ਹਨ, ਜਿਨ੍ਹਾਂ ਵਿਚੋਂ ਸਭ ਤੋਂ ਵੱਧ 142 ਕੇਸ ਲੁਧਿਆਣਾ, 73 ਅੰਮ੍ਰਿਤਸਰ, 66 ਪਟਿਆਲਾ ਅਤੇ 57 ਜਲੰਧਰ ਤੋਂਮਿਲੇ ਹਨ। ਇਸ ਕਾਰਨ ਪੰਜਾਬ ਵਿੱਚ ਕੁੱਲ ਕੇਸਾਂ ਦੀ ਗਿਣਤੀ 14378 ਅਤੇ ਮੌਤਾਂ ਦੀ ਗਿਣਤੀ 336 ਹੋ ਚੁੱਕੀ ਹੈ।

ਕੋਰੋਨਾ ਵਾਇਰਸ ਦੇ ਮਾਰ ਕਾਰਨ ਪੰਜਾਬ ਸਰਕਾਰ ਨੇ ਗੁਰਦਾਸਪੁਰ ਦੀ



ਕੇਂਦਰੀ ਜੇਲ੍ਹ ਨੂੰ ਪੂਰੀ ਤਰ੍ਹਾਂ ਕੋਵਿਡ-19 ਜੇਲ੍ਹ ਵਿਚ ਬਦਲਣ ਦਾ ਫੈਸਲਾ ਕੀਤਾ ਹੈ।ਇਸ ਬਾਰੇ ਡੀਜੀਪੀ (ਜੇਲ੍ਹ) ਨੇ ਹੁਕਮ ਜਾਰੀ ਕਰ ਦਿੱਤੇ ਹਨ, ਜਿਸ ਪਿੱਛੋਂ ਗੁਰਦਾਸਪੁਰ ਜੇਲ੍ਹ ਦੇ ਅਧਿਕਾਰੀ ਇਹ ਜੇਲ੍ਹ ਖਾਲੀ ਕਰਨ ਰੁੱਝ ਗਏ ਹਨ। ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਮੁਹੰਮਦ ਇਸ਼ਫਾਕ ਨੇ ਸਰਕਾਰ ਦੇ ਇਸ ਫੈਸਲੇ ਦੀ ਪੁਸ਼ਟੀ ਕੀਤੀ ਹੈ। ਇਸ ਸਮੇਂ ਗੁਰਦਾਸਪੁਰ ਜੇਲ੍ਹ ਦੇ 425 ਕੈਦੀਆਂ ਵਿਚ 36 ਮਹਿਲਾ ਕੈਦੀ ਵੀ ਹਨ। ਇਨ੍ਹਾਂ ਸਾਰਿਆਂ ਨੂੰ ਪੰਜਾਬ ਦੀਆਂ ਹੋਰ ਜੇਲ੍ਹਾਂ ਵਿਚ ਭੇਜਿਆ ਜਾਵੇਗਾ ਅਤੇ ਜੇਲ੍ਹ ਪੂਰੀ ਖਾਲੀ ਕਰਨ ਤੋਂ ਬਾਅਦ ਇਸਨੂੰ ਕੋਵਿਡ-19 ਜੇਲ੍ਹ ਬਣਾਇਆ ਜਾਵੇਗਾ, ਜਿਥੇ ਸਿਰਫ਼ ਕੋਰੋਨਾ ਪਾਜ਼ੇਟਿਵ ਕੈਦੀ ਰੱਖੇ ਜਾਣਗੇ।

ਇਸ ਦੌਰਾਨ ਭਾਰਤ ਵਿੱਚ ਕੋਰੋਨਾ ਵਾਇਰਸ ਦੇ ਕੇਸਾਂ ਦੀ ਗਿਣਤੀ ਵਧ ਕੇ 14 ਲੱਖ 32 ਹਜ਼ਾਰ ਤੋਂਟੱਪ ਗਈ ਤੇ ਮੌਤਾਂ ਦੀ ਗਿਣਤੀ 34 ਹਜ਼ਾਰ ਤੋਂਉੱਤੇ ਚਲੀ ਗਈ ਹੈ। ਸਿਹਤ ਮੰਤਰਾਲਾ ਮੁਤਾਬਕ ਬੀਤੇ 24 ਘੰਟਿਆਂ ਵਿੱਚ 47,704 ਨਵੇਂਕੇਸਮਿਲੇ ਤੇ 654 ਲੋਕਾਂ ਦੀ ਮੌਤ ਹੋਈ ਹੈ। ਭਾਰਤ ਵਿੱਚ ਸਭ ਤੋਂ ਵੱਧ 13883 ਮੌਤਾਂ ਸਿਰਫ ਮਹਾਰਾਸ਼ਟਰ ਰਾਜ ਵਿੱਚ ਹੋਈਆਂ ਹਨ। ਤਾਮਿਲ ਨਾਡੂ ਵਿੱਚ ਕੋਰੋਨਾ ਦੀ ਮਾਰ ਅਚਾਨਕ ਵਧਣ ਕਾਰਨ ਓਥੇ ਮੌਤਾਂ ਦੀ ਕੁੱਲ ਗਿਣਤੀ 3571 ਹੋ ਗਈ ਹੈ, ਜਦ ਕਿ ਦਿੱਲੀ ਵਿੱਚ ਕੁਝ ਠੱਲ੍ਹ ਪੈਣ ਪਿੱਛੋਂ ਮੌਤਾਂ ਦੀ ਗਿਣਤੀ 3853 ਅਤੇ ਗੁਜਰਾਤ ਵਿੱਚ 2348 ਦੱਸੀ ਗਈ ਹੈ। ਉੱਤਰ ਪ੍ਰਦੇਸ਼ ਵਿੱਚ 1456 ਅਤੇ ਪੱਛਮੀ ਬੰਗਾਲ ਵਿੱਚ 1411 ਮੌਤਾਂ ਹੋ ਚੁੱਕੀਆਂ ਹਨ ਤੇ ਆਂਧਰਾ ਪ੍ਰਦੇਸ਼ ਵਿੱਚ ਵੀ ਅਚਾਨਕ ਵਧਣ ਲੱਗੀ ਇਸ ਬਿਮਾਰੀ ਕਾਰਨ ਮੌਤਾਂ ਦੀ ਗਿਣਤੀ 1090 ਨੂੰ ਜਾ ਪਹੁੰਚੀ ਹੈ।

## ਘਰ ਆਣ ਪਏ ਹਮਲਾਵਰਾਂ ਵਿੱਚੋਂ ਇੱਕ ਦੀ ਮੌਤ, ਤਿੰਨ ਭੱਜ ਗਏ

ਹੁਸ਼ਿਆਰਪੁਰ, 28 ਜੁਲਾਈ (ਪੋਸਟ ਬਿਊਰੋ)- ਥਾਣਾ ਮੇਹਟੀਆਣਾ ਦੇ ਪਿੰਡ ਫਲਾਹੀ 'ਚ ਐਤਵਾਰ ਰਾਤ ਕੁਝ ਲੋਕਾਂ ਨੇ ਘਰ ਵਿੱਚ ਸੌਂ ਰਹੇ ਪਰਵਾਰ 'ਤੇ ਹਮਲਾ ਕਰ ਕੇ ਦੋ ਜਣਿਆਂ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਜਦੋਂ ਇਸ ਘਰ ਦੇ ਹੋਰ ਮੈਂਬਰਾਂ ਨੇ ਹਮਲਾਵਰਾਂ ਦਾ ਸਾਹਮਣਾ ਸ਼ੁਰੂ ਕੀਤਾ ਤਾਂ ਹਮਲਾਵਰ ਭੱਜ ਗਏ। ਘਰ ਵਾਲਿਆਂ ਨੇ ਇੱਕ ਹਮਲਾਵਰ ਨੂੰ ਮੌਕੇ 'ਤੇ ਕਾਬੂ ਕਰ ਕੇ ਉਸ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ।

ਇਸ ਸੰਬੰਧ ਵਿੱਚ ਬੇਬੀ ਨੇ ਦੱਸਿਆ ਕਿ ਉਨ੍ਹਾਂ ਦੀ ਉਸ ਪਰਵਾਰ ਨਾਲ ਪੁਰਾਣੀ ਰੰਜਿਸ਼ ਹੈ ਜਿਸ ਕਾਰਨ ਐਤਵਾਰ ਦੁਪਹਿਰ ਉਨ੍ਹਾਂ ਦਾ ਝਗੜਾ ਹੋਇਆ ਸੀ ਤੇ ਉਸ ਝਗੜੇ ਵਿੱਚ ਉਸ ਦਾ ਦਿਓਰ ਜ਼ਖਮੀ ਹੋ ਗਿਆ ਸੀ। ਉਹ ਦਿਓਰ ਦੇ ਇਲਾਜ ਲਈ ਸਰਕਾਰ ਹਸਪਤਾਲ ਪੁੱਜੀ ਤਾਂ ਹਮਲਾਵਰ ਅਜੈ, ਲਾਡੀ ਸ਼ਾਹ ਅਤੇ ਸੰਜੀਵ ਕੁਮਾਰ ਪਹੁੰਚ ਗਏ। ਸਰਕਾਰੀ ਹਸਪਤਾਲ ਵਿੱਚ ਹੀ ਉਨ੍ਹਾਂ ਧਮਕੀ ਦਿੱਤੀ ਸੀ ਕਿ ਅੱਜ ਰਾਤ ਬਚ ਕੇ ਰਹਿਣਾ ਤੇ ਚਲੇ ਗਏ। ਉਨ੍ਹਾਂ ਨੇ ਥਾਣਾ ਮੇਹਟੀਆਣਾ ਨੂੰ ਦੱਸਿਆ ਤਾਂ ਮੌਕੇ 'ਤੇ ਪੁਲਸ ਨੇ ਆ ਕੇ ਮਾਮਲਾ ਸ਼ਾਂਤ ਕਰਵਾਇਆ ਤੇ ਪੁਲਸ ਕਾਫੀ ਦੇਰ ਤੱਕ ਘਰ ਰਹੀ। ਰਾਤ ਅੱਠ ਵਜੇ ਪੁਲਸ ਚਲੀ ਗਈ। ਉਹ ਰਾਤ ਸੌਣ ਦੀ ਤਿਆਰ ਕਰ ਰਹੇ ਸਨ ਕਿ ਉਸੇ ਸਮੇਂ ਅਚਾਨਕ ਅਜੈ, ਲਾਡੀ ਸ਼ਾਹ, ਸੰਜੀਵ ਕੁਮਾਰ ਤੇ ਇੱਕ ਅਣਪਛਾਤੇ ਵਿਅਕਤੀ ਨੇ ਘਰ ਵਿੱਚ ਦਾਖਲ ਹੋ ਕੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਵੇਖਦੇ ਹੀ ਵੇਖਦੇ ਉਹ ਉਸ ਦੇ ਕਮਰੇ ਵੱਲ ਆ ਗਏ ਤਾਂ ਉਸ ਦੇ ਪਤੀ ਰਾਕੇਸ਼ ਕੁਮਾਰ ਨੇ ਹਮਲਾਵਰਾਂ ਦਾ ਸਾਹਮਣਾ ਕੀਤਾ ਤਾਂ ਉਹ ਭੱਜ ਗਏ, ਪਰ ਅਜੈ ਕੁਮਾਰ ਉਨ੍ਹਾਂ ਦੇ ਹੱਥ ਆ ਗਿਆ। ਓਸੇ ਸਮੇਂ ਅਚਾਨਕ ਲਾਈਟ ਚਲੀ ਗਈ। ਅਜੈ ਨੂੰ ਮੌਕੇ 'ਤੇ ਹੀ ਮਾਰ ਦਿੱਤਾ। ਐੱਸ ਐੱਚ ਓ ਮਨਮੋਹਨ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਜਾਂਚ ਤੋਂ ਬਾਅਦ ਹਮਲਾਵਰ ਲਾਡੀ ਸ਼ਾਹ, ਸੰਜੀਵ ਕੁਮਾਰ, ਮ੍ਰਿਤਕ ਅਜੈ ਤੇ ਇੱਕ ਅਣਪਛਾਤੇ ਖ਼ਿਲਾਫ ਕੇਸ ਦਰਜ ਕਰ ਲਿਆ ਗਿਆ ਹੈ।

## ਰਾਹ ਦੇ ਝਗੜੇ ਦੌਰਾਨ ਔਰਤ ਨੇ ਪੁਲਸ ਸਾਹਮਣੇ ਖੁਦ ਨੂੰ ਅੱਗ ਲਾ ਲਈ, 80 ਫੀਸਦੀ ਝੁਲਸੀ

ਚੋਹਲਾ ਸਾਹਿਬ, 28 ਜੁਲਾਈ (ਪੋਸਟ ਬਿਊਰੋ)- ਥਾਣਾ ਗੋਇੰਦਵਾਲ ਸਾਹਿਬ ਹੇਠਲੇ ਪਿੰਡ ਭੈਲ ਢਾਏ ਵਾਲਾ ਵਿਖੇ ਹਵੇਲੀ ਨੂੰ ਜਾਂਦੇ ਰਸਤੇ ਦੇ ਝਗੜੇ ਦੌਰਾਨ ਇੱਕ ਬਜ਼ੁਰਗ ਔਰਤ ਵੱਲੋਂ ਪੁਲਸ ਦੀ ਹਜ਼ਾਰੀ 'ਚ ਖੁਦ ਨੂੰ ਅੱਗ ਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਹੜੀ 80 ਫੀਸਦੀ ਝੁਲਸ ਗਈ ਦੱਸੀ ਜਾਂਦੀ ਹੈ।

ਮਿਲੀ ਜਾਣਕਾਰੀ ਅਨੁਸਾਰ ਬਲਬੀਰ ਕੌਰ ਪਤਨੀ ਆਤਮਾ ਸਿੰਘ ਵਾਸੀ ਭੈਲ ਢਾਏ ਵਾਲਾ ਦਾ ਹਵੇਲੀ ਨੂੰ ਜਾਂਦੇ ਰਸਤੇ ਬਾਰੇ ਅਮਰਜੀਤ ਕੌਰ ਪਤਨੀ ਸਵਿੰਦਰ ਸਿੰਘ ਨਾਲ ਪਿਛਲੇ ਲੰਮੇ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ। ਉਕਤ ਰਸਤੇ 'ਚ ਪਿੰਡ ਦੀ ਪੰਚਾਇਤ ਨੇ 2016 'ਚ ਸਰਕਾਰੀ ਇੱਟਾਂ ਲਵਾ ਦਿੱਤੀਆਂ ਸਨ। ਬਲਬੀਰ ਕੌਰ ਵੱਲੋਂ ਪੰਚਾਇਤ ਖਿਲਾਫ ਜਨਵਰੀ 2017 'ਚ ਅਦਾਲਤ ਵਿੱਚ ਕੇਸ ਕੀਤਾ ਸੀ। ਉਹ ਉਕਤ ਜਗ੍ਹਾ ਨੂੰ ਆਪਣੀ ਨਿੱਜੀ ਜਾਇਦਾਦ ਦੱਸਦੀ ਹੈ। ਪਤਾ ਲੱਗਾ ਹੈ ਕਿ ਕੱਲ੍ਹ ਜਦ ਬਲਬੀਰ ਕੌਰ ਹਵੇਲੀ ਨੂੰ ਜਾਂਦੇ ਰਸਤੇ 'ਤੇ ਗੇਟ ਲਾਉਣ ਲੱਗੀ ਤਾਂ ਦੂਜੀ ਧਿਰ ਨੇ ਇਸ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ। ਸਵੇਰੇ ਜਦੋਂ ਬਲਬੀਰ ਕੌਰ ਵੱਲੋਂ ਗਲੀ 'ਚ ਗੇਟ ਲਾਉਣਾ ਸ਼ੁਰੂ ਕੀਤਾ ਤਾਂ ਚੌਕੀ ਡੇਹਰਾ ਸਾਹਿਬ ਦੀ ਪੁਲਸ ਪਾਰਟੀ ਨੇ ਉਸ ਨੂੰ ਰੋਕ ਦਿੱਤਾ। ਇਸ ਦੌਰਾਨ ਬਲਬੀਰ ਕੌਰ ਨੇ ਪੁਲਸ ਦੀ ਹਾਜ਼ਰੀ 'ਚ ਖੁਦ ਨੂੰ ਅੱਗ ਲਾ ਲਈ, ਜਿਸ ਕਾਰਨ ਉਹ 80 ਫੀਸਦੀ ਝੁਲਸ ਗਈ ਅਤੇ ਉਸ ਨੂੰ ਤਰਨ ਤਾਰਨ ਦੇ ਇੱਕ ਨਿੱਜੀ ਹਸਪਤਾਲ ਦਾਖਲ ਕਰਵਾਇਆ ਗਿਆ। ਆਤਮ ਹੱਤਿਆ ਦੀ ਕੋਸ਼ਿਸ਼ ਕਰਨ ਦੇ ਦੋਸ਼ 'ਚ ਥਾਣਾ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਉਸ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਡੀ ਐਸ ਪੀ ਕਮਲਪ੍ਰੀਤ ਸਿੰਘ ਮੰਡ ਨੇ ਦੱਸਿਆ ਕਿ ਇਸ ਮਾਮਲੇ 'ਚ ਪੁਲਸ ਦਾ ਕੋਈ ਦੋਸ਼ ਨਹੀਂ, ਪੁਲਸ ਆਪਣੀ ਡਿਊਟੀ ਅਨੁਸਾਰ ਦੋਵਾਂ ਧਿਰਾਂ ਵਿਚਕਾਰ ਹੋਏ ਤਕਰਾਰ ਦੇ ਮੱਦੇਨਜ਼ਰ ਗਈ ਸੀ।


## ਵਾਰਸਾਂ ਦੇ ਵਿਆਹ ਲਈ ਨਾ ਮੰਨਣ ਉੱਤੇ ਪ੍ਰੇਮੀ ਜੋੜੇ ਨੇ ਫਾਹਾ ਲੈ ਲਿਆ

ਅਜਨਾਲਾ, 28 ਜੁਲਾਈ (ਪੋਸਟ ਬਿਊਰੋ)- ਤਹਿਸੀਲ ਅਜਨਾਲਾ ਦੇ ਪਿੰਡ ਝੰਡੇਰ ਵਿੱਚ ਪ੍ਰੇਮੀ ਜੋੜੇ ਵੱਲੋਂ ਪਿੰਡ ਦੇ ਬਾਹਰ ਕਿਸੇ ਰੁੱਖ ਨਾਲ ਫਾਹਾ ਲਗਾ ਕੇ ਆਤਮ ਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਥਾਣਾ ਝੰਡੇਰ ਦੇ ਇੰਚਾਰਜ ਅਵਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਪਿੰਡ ਦੇ ਬਾਹਰਲੇ ਪਾਸੇ ਰੁੱਖ ਨਾਲ ਲੜਕਾ-ਲੜਕੀ ਦੀਆਂ ਲਾਸ਼ਾਂ ਲਟਕੀਆਂ ਹਨ। ਆਰ ਜਾਂਚ ਕਰਨ ਦੇ ਬਾਅਦ ਇਹ ਗੱਲ ਸਾਹਮਣੇ ਆਈ ਕਿ ਜਗਰੂਪ ਸਿੰਘ (24) ਪੁੱਤਰ ਬਲਦੇਵ ਸਿੰਘ ਤੇ ਰਾਜਵਿੰਦਰ ਕੌਰ (19) ਪੁੱਤਰੀ ਸਰਬਜੀਤ ਸਿੰਘ ਦੋਵੇਂ ਇੱਕੋ ਪਿੰਡ ਦੇ ਰਹਿਣ ਵਾਲੇ ਅਤੇ ਆਪਸ ਵਿੱਚ ਰਿਸ਼ਤੇਦਾਰ ਹਨ, ਇਨ੍ਹਾਂ ਦੇ ਪਿਛਲੇ ਛੇ ਮਹੀਨੇ ਤੋਂ ਪ੍ਰੇਮ ਸੰਬੰਧ ਚੱਲ ਰਹੇ ਹਨ। ਦੋਵੇਂ ਵਿਆਹ ਕਰਨਾ ਚਾਹੁੰਦੇ ਸਨ, ਪਰ ਦੋਵਾਂ ਦੇ ਪਰਵਾਰ ਰਾਜ਼ੀ ਨਹੀਂ ਸਨ। ਇਸ ਕਾਰਨ ਦੋਵਾਂ ਨੇ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਉਨ੍ਹਾਂ ਨੇ ਦੱਸਿਆ ਕਿ ਜਗਰੂਪ ਅੰਗਹੀਣ ਸੀ।

## ਜੰਮੂ-ਕਸ਼ਮੀਰ ਦੇ ਵੱਖਵਾਦੀ ਨੇਤਾ ਗਿਲਾਨੀ ਨੂੰ ਪਾਕਿਸਤਾਨ ਸਰਬ ਉੱਚ ਐਵਾਰਡ ਦੇਣ ਲੱਗਾ

ਇਸਲਾਮਾਬਾਦ, 28 ਜੁਲਾਈ, (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਭਾਰਤ ਵਿਰੁੱਧ ਇੱਕ ਨਵੀਂ ਕੂਟਨੀਟਕ ਚਾਲ ਚੱਲਦੇਹੋਏ ਜੰਮੂ-ਕਸ਼ਮੀਰ ਦੇ ਵੱਖਵਾਦੀ ਨੇਤਾ ਸਈਦ ਅਲੀ ਸ਼ਾਹ ਗਿਲਾਨੀ ਨੂੰ ਪਾਕਿਸਤਾਨ ਦੇ ਸਰਬ ਤੋਂ ਵੱਡੇ ਸਨਮਾਨ 'ਨਿਸ਼ਾਨ-ਏ-ਪਾਕਿਸਤਾਨ' ਨਾਲ ਸਨਮਾਨਤ ਕਰਨ ਦਾ ਫੈਸਲਾ ਕੀਤਾ ਹੈ। ਇਸ ਬਾਰੇ ਇੱਕ ਮਤਾ ਪਾਕਿਸਤਾਨ ਦੀ ਸੈਨੇਟ ਨੇਪਾਸ ਕਰ ਦਿੱਤਾ ਹੈ। ਸੈਨੇਟ ਨੇ ਸਰਕਾਰ ਨੂੰ ਇਹ ਵੀ ਕਿਹਾ ਹੈ ਕਿ ਇਸਲਾਮਾਬਾਦ ਵਿਚ ਬਣਦੀ ਨਵੀਂਯੂਨੀਵਰਸਿਟੀ ਦਾ ਨਾਂਅ ਵੀ ਗਿਲਾਨੀ ਦੇ ਨਾਮ ਉੱਤੇ ਰੱਖਿਆ ਜਾਵੇ। ਇਸ ਮਤੇ ਵਿਚ ਇਹ ਵੀ ਕਿਹਾ ਗਿਆ ਹੈ ਕਿ ਗਿਲਾਨੀ ਦੀ ਜੀਵਨੀ ਨੂੰ ਕੌਮੀ ਅਤੇ ਸੂਬਾਈ ਪੱਧਰ ਉੱਤੇ ਸਕੂਲਾਂ ਦੇ ਸਿਲੇਬਸ ਦਾ ਹਿੱਸਾ ਬਣਾਇਆ ਜਾਵੇ।



ਇਸ ਦੌਰਾਨ ਪਾਕਿਸਤਾਨੀ ਪਾਰਲੀਮੈਂਟ ਦੇ ਉੱਪਰਲੇ ਹਾਊਸ, ਸੈਨੇਟ,ਵਿੱਚ ਸੋਮਵਾਰ ਨੂੰ ਪਾਸ ਕਰਨ ਵੇਲੇ ਭਾਰਤ ਵੱਲੋਂ ਜੰਮੂ-ਕਸ਼ਮੀਰ ਤੋਂਵਿਸ਼ੇਸ਼ ਦਰਜੇ ਦੀ ਧਾਰਾ-370 ਖਤਮ ਕਰਨ ਦੀ ਪਹਿਲੀ ਵਰ੍ਹੇਗੰਢ ਉੱਤੇਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ (ਪੀ ਓ ਕੇ) ਦੀ ਵਿਧਾਨਸਭਾ ਵਿਚ 5 ਅਗਸਤ ਨੂੰ ਵਿਸ਼ੇਸ਼ ਸੈਸ਼ਨ ਕਰਨ ਦੀ ਵੀ ਆਗਿਆ ਦੇ ਦਿੱਤੀ ਹੈ। ਵਰਨਣ ਯੋਗ ਹੈ ਕਿ ਸਈਦ ਅਲੀ ਸ਼ਾਹ ਗਿਲਾਨੀ (90) ਨੇ ਪਿਛਲੇ ਮਹੀਨੇ ਆਲ ਪਾਰਟੀ ਹੁਰੀਅਤ ਕਾਨਫਰੰਸ ਦੇ 'ਲਾਈਫਟਾਈਮ ਚੇਅਰਮੈਨ' ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਸ ਨੂੰ ਪਾਕਿਸਤਾਨ ਵੱਲੋਂ ਇਹ ਸਨਮਾਨ ਜੰਮੂ-ਕਸ਼ਮੀਰ ਦੇ ਲੋਕਾਂ ਦੇ ਅਧਿਕਾਰਾਂ ਲਈ ਆਵਾਜ਼ ਚੁੱਕਣ ਦੇ ਨਾਂਅ ਉੱਤੇ ਦਿੱਤਾ ਜਾ ਰਿਹਾ ਹੈ। ਪਾਕਿਸਤਾਨੀ ਸੈਨੇਟ ਨੇ ਪਾਸ ਕੀਤੇ ਮਤੇਵਿੱਚ ਕਿਹਾ ਕਿ ਗਿਲਾਨੀ ਨੇ ਜੰਮੂ-ਕਸ਼ਮੀਰ ਵਿਚ ਰਹਿ ਕੇ ਭਾਰਤੀ ਫੌਜ ਤੇ ਸਰਕਾਰਾਂ ਵਿਰੁੱਧ ਆਵਾਜ਼ ਚੁੱਕੀ ਅਤੇ ਜੰਮੂ-ਕਸ਼ਮੀਰ ਦੇ ਨਾਗਰਿਕਾਂ ਦੀ ਆਵਾਜ਼ ਬਣੇ ਹਨ। ਉਂਜ ਜਾਣਕਾਰ ਇਹ ਕਹਿੰਦੇ ਹਨ ਕਿ ਪਾਕਿਸਤਾਨ ਸਰਕਾਰ ਤੇ ਖੁਫੀਆ ਏਜੰਸੀ ਆਈ ਐੱਸ ਆਈ ਕਾਫੀ ਚਿਰਤੋਂ ਗਿਲਾਨੀ ਨੂੰ ਪਾਸੇ ਕਰਨਾ ਚਾਹੁੰਦੀ ਸੀ ਅਤੇ ਇਹ ਫੈਸਲਾ ਉਸ ਦੇ ਅਸਤੀਫੇ ਦੇ ਬਾਅਦ ਅਕਸ ਸੁਧਾਰਨ ਲਈ ਚੁੱਕਿਆ ਕਦਮ ਹੋ ਸਕਦਾ ਹੈ।

ਗਿਲਾਨੀ ਨੂੰ ਪਾਕਿਸਤਾਨ ਸਰਕਾਰ ਵੱਲੋਂ ਨਿਸ਼ਾਨ-ਏ-ਪਾਕਿਸਤਾਨ ਨਾਲ ਸਨਮਾਨਿਤ ਕਰਨ ਦੇ ਇਸ ਫੈਸਲੇ ਉੱਤੇ ਜੰਮੂ-ਕਸ਼ਮੀਰ ਦੀ ਭਾਜਪਾ ਦੇ ਪ੍ਰਧਾਨ ਰਵਿੰਦਰ ਰੈਣਾ ਨੇ ਕਿਹਾ ਕਿ ਹੁਰੀਅਤ ਅਤੇ ਪਾਕਿਸਤਾਨ ਵਿਚ ਕੋਈ ਫਰਕ ਨਹੀਂ ਹੈ, ਦੋਵੇਂ ਇੱਕੋ ਹਨ। ਇੱਥੇ ਹੁਰੀਅਤ ਦੇ ਨੇਤਾ ਪਾਕਿਸਤਾਨ ਦੇ ਇਸ਼ਾਰਿਆਂ ਉੱਤੇ ਚੱਲਦੇ ਹਨ ਤੇ ਕਾਰਵਾਈਆਂ ਕਰਾਉਂਦੇ ਹਨ, ਜਿਸ ਦਾ ਨਤੀਜਾ ਜੰਮੂ-ਕਸ਼ਮੀਰ ਦੇ ਬੇਕਸੂਰ ਲੋਕਾਂ ਨੂੰ ਭੁਗਤਣਾ ਪੈਂਦਾ ਹੈ।

## ਭਾਰਤ ਸਰਕਾਰ 23 ਹੋਰ ਸਰਕਾਰੀ ਕੰਪਨੀਆਂ ਦੇ ਹਿੱਸੇ ਵੇਚੇਗੀ: ਖਜ਼ਾਨਾ ਮੰਤਰੀ

ਨਵੀਂ ਦਿੱਲੀ, 28 ਜੁਲਾਈ, (ਪੋਸਟ ਬਿਊਰੋ)-ਭਾਰਤ ਦੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਸਾਫ ਕਹਿ ਦਿੱਤਾ ਹੈ ਕਿ ਕੇਂਦਰ ਸਰਕਾਰ 23 ਅਜਿਹੀਆਂ ਕੰਪਨੀਆਂ ਦੇ ਨਿੱਜੀਕਾਰਨ ਬਾਰੇ ਕੰਮ ਕਰ ਰਹੀ ਹੈ, ਜਿਨ੍ਹਾਂ ਲਈ ਮੰਤਰੀ ਮੰਡਲ ਨੇ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾ ਇਹ ਵੀ ਕਿਹਾ ਕਿ ਉਹ ਛੋਟੀਆਂ ਵਿੱਤ ਕੰਪਨੀਆਂ ਅਤੇ ਐਨ ਬੀਐਫਸੀ ਕੰਪਨੀਆਂ ਦੇ ਪ੍ਰਤੀਨਿਧਾਂ ਨੂੰ ਜਲਦੀ ਹੀ ਮਿਲਣਗੇ ਤੇ ਕਾਰੋਬਾਰੀਆਂ ਨੂੰ ਦਿੱਤੇ ਕਰਜ਼ੇ ਦੀ ਸਮੀਖਿਆ ਕੀਤੀ ਜਾਵੇਗੀ। ਇਸ ਸੰਬੰਧ ਵਿੱਚ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਸਰਕਾਰ ਪਹਿਲਾਂ ਹੀ 22-23 ਸਰਕਾਰੀ ਕੰਪਨੀਆਂ ਵਿੱਚੋਂ ਹਿੱਸੇ ਵੇਚਣ ਦੀ ਮਨਜ਼ੂਰੀ ਦੇ ਚੁੱਕੀ ਹੈ ਅਤੇ ਇਨ੍ਹਾਂ ਕੰਪਨੀਆਂ ਵਿੱਚ ਘੱਟੋ ਘੱਟ ਪੂੰਜੀ ਰੱਖਣਾ ਚਾਹੁੰਦੀ ਹੈ।

ਵਰਨਣ ਯੋਗ ਹੈ ਕਿ ਨਰਿੰਦਰ ਮੋਦੀ ਸਰਕਾਰ ਨੇ ਸਾਲ 2020-21 ਲਈ 2.10 ਲੱਖ ਕਰੋੜ ਰੁਪਏ ਪੂੰਜੀ ਕੱਢ ਲੈਣ ਦਾ ਟੀਚਾ ਮਿੱਥਿਆ ਹੈ। ਇਸ ਵਿੱਚੋਂ 1.20 ਲੱਖ ਕਰੋੜ ਰੁਪਏ ਸਰਕਾਰੀ ਖੇਤਰ ਦੇ ਅਦਾਰਿਆਂ ਵਿੱਚੋਂ ਆਉਣਗੇ ਤੇ ਵਿੱਤੀ ਸੰਸਥਾਵਾਂ ਵਿਚ ਹਿੱਸੇ ਵੇਚ ਕੇ 90 ਹਜ਼ਾਰ ਕਰੋੜ ਰੁਪਏ ਇਕੱਠੇ ਕੀਤੇ ਜਾਣਗੇ।

ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਹੀਰੋ ਐਂਟਰਪ੍ਰਾਈਜ਼ਿਜ਼ ਦੇ ਚੇਅਰਮੈਨ ਸਿਨੇਲਕਾਂਤ ਮੁੰਜਾਲ ਨਾਲ ਇਸ ਬਾਰੇ ਗੱਲਬਾਤ ਦੌਰਾਨ ਕਿਹਾ ਕਿ ਸਰਕਾਰ ਨੇ ਸਵੈ-ਨਿਰਭਰ ਭਾਰਤ ਪੈਕੇਜ ਹੇਠ ਨਿੱਜੀ ਕੰਪਨੀਆਂ ਨੂੰ 11 ਸੈਕਟਰ ਖੋਲ੍ਹਣ ਦਾ ਫੈਸਲਾ ਕੀਤਾ ਹੈ।ਮੰਤਰੀ ਨੇ ਇਸ ਮੌਕੇ ਕਿਹਾ ਕਿ ਸਰਕਾਰ ਨੇ ਹਾਲੇ ਇਸ ਦਾ ਅੰਤਮ ਫੈਸਲਾ ਨਹੀਂ ਲਿਆ ਕਿ ਕਿਨ੍ਹਾਂ ਖੇਤਰਾਂ ਨੂੰ ਰਣਨੀਤਕ ਕਿਹਾ ਜਾਵੇਗਾ, ਇਹ ਐਲਾਨ ਕਰਨਾ ਅਜੇ ਬਾਕੀ ਹੈ ਅਤੇ ਮੈਂ ਇਹ ਅੰਦਾਜ਼ਾ ਨਹੀਂਲਾਉਣਾ ਚਾਹੁੰਦੀ ਕਿ ਇਸ ਐਲਾਨ ਵਿਚ ਕੀ ਕਿਹਾ ਜਾਵੇਗਾ, ਪਰ ਪ੍ਰਾਈਵੇਟ ਕੰਪਨੀਆਂ ਨੂੰ ਰਣਨੀਤਕ ਖੇਤਰਾਂ ਵਿਚ ਵੀ ਆਗਿਆ ਦਿੱਤੀ ਜਾਏਗੀ ਤੇ ਉਨ੍ਹਾਂ ਕੋਲ ਸਰਕਾਰੀ ਸੈਕਟਰ ਦੇ ਸਿਰਫ ਚਾਰ ਯੂਨਿਟ ਹੋਣਗੇ।

## ਫਿਲਮ ਸਟਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਦੇ ਕੇਸ ਵਿੱਚ ਨਵਾਂ ਮੋੜ

### * ਪਿਤਾ ਨੇ ਸੁਸ਼ਾਂਤ ਦੀ ਗਰਲਫਰੈਂਡ ਵਿਰੁੱਧ ਕੇਸ ਦਰਜ ਕਰਾਇਆ

ਪਟਨਾ, 28 ਜੁਲਾਈ, (ਪੋਸਟ ਬਿਊਰੋ)-ਉੱਘੇ ਭਾਰਤੀ ਫਿਲਮ ਸਟਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਖ਼ੁਦਕੁਸ਼ੀ ਵਾਲੇਕੇਸ ਵਿਚ ਅੱਜ ਮੰਗਲਵਾਰ ਨਵਾਂ ਮੋੜ ਆ ਗਿਆ, ਜਦੋਂ ਪਟਨਾ ਦੇ ਰਾਜੀਵ ਨਗਰ ਥਾਣੇ ਵਿੱਚ ਸੁਸ਼ਾਂਤ ਦੇ ਪਿਤਾ ਕੇਕੇ ਸਿੰਘ ਨੇ ਐਕਟਰੈੱਸ ਰੀਆ ਚੱਕਰਵਰਤੀ ਦੇ ਖ਼ਿਲਾਫ਼ ਬਾਕਾਇਦਾ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ।

ਪਤਾ ਲੱਗਾ ਹੈ ਕਿ ਬੀਤੇ ਐਤਵਾਰ ਦਰਜ ਕਰਾਈ ਸ਼ਿਕਾਇਤ ਵਿੱਚ ਸੁਸ਼ਾਂਤ ਦੇ ਪਿਤਾ ਨੇ ਰੀਆ ਉੱਤੇ ਪਿਆਰ ਦੇ ਚੱਕਰ ਵਿਚ ਸੁਸ਼ਾਂਤ ਨੂੰ ਫਸਾ ਕੇ ਉਸ ਦੇ ਪੈਸੇ ਕਢਵਾਉਣ ਅਤੇ ਖ਼ੁਦਕੁਸ਼ੀ ਲਈ



ਉਕਸਾਉਣ ਦਾ ਦੋਸ਼ ਲਾਇਆ ਹੈ। ਕੇਸ ਦਰਜ ਹੋਣ ਤੋਂ ਬਾਅਦ ਐੱਸ ਐੱਸਪੀ ਉਪਿੰਦਰ ਕੁਮਾਰ ਸ਼ਰਮਾ ਨੇ ਜਾਂਚ ਲਈ ਚਾਰ ਮੈਂਬਰੀ ਟੀਮ ਬਣਾ ਦਿੱਤੀ ਹੈ, ਜਿਸ ਨੂੰ ਅਗਲੀ ਜਾਂਚ ਦਾ ਜ਼ਿੰਮਾ ਦਿੱਤਾ ਗਿਆ ਹੈ। ਦੱਸਿਆ ਗਿਆ ਹੈ ਕਿ ਕੇਸ ਦਰਜ ਹੋਣ ਤੋਂ ਬਾਅਦ ਬਿਹਾਰ ਪੁਲਿਸ ਇਸ ਦੀ ਪੜਤਾਲ ਕਰਨ ਲਈ ਮੁੰਬਈ ਪਹੁੰਚ ਗਈ ਹੈ।

ਸੁਸ਼ਾਂਤ ਦੇ ਪਿਤਾ ਵੱਲੋਂ ਕੀਤੀਸ਼ਿਕਾਇਤਮੁਤਾਬਕ ਰੀਆ ਚੱਕਰਵਰਤੀ ਦੇ ਕਾਰਨ ਹੀ ਸੁਸ਼ਾਂਤ ਨੇ ਖ਼ੁਦਕੁਸ਼ੀ ਕੀਤੀ ਹੈ। ਇਸ ਸ਼ਿਕਾਇਤ ਵਿੱਚ ਰੀਆ ਚੱਕਰਵਰਤੀ ਉੱਤੇ ਸੁਸ਼ਾਂਤ ਦੇ ਪਿਤਾ ਵੱਲੋਂ ਕਈ ਸਨਸਨੀਖੇਜ਼ ਦੋਸ਼ ਲਾਏ ਦੱਸੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਰੀਆ ਨੇ ਮੇਰੇ ਪੁੱਤਰ ਨੂੰ ਪੂਰੀ ਤਰ੍ਹਾਂ ਆਪਣੇ ਕਬਜ਼ੇ ਵਿਚ ਕਰ ਲਿਆ ਤੇ ਏਸੇ ਕਾਰਨ ਸੁਸ਼ਾਂਤ ਪਰਿਵਾਰ ਤੋਂ ਵੱਖ ਰਹਿਣ ਲੱਗਾ ਸੀ। ਰੀਆ ਹੀ ਸੁਸ਼ਾਂਤ ਦੇ ਬੈਂਕ ਅਕਾਊਂਟ ਸੰਭਾਲਦੀ ਸੀ। ਉਨ੍ਹਾਂ ਨੇ ਦੋਸ਼ ਲਾਇਆ ਹੈ ਕਿ ਰੀਆ ਨੇ ਸੁਸ਼ਾਂਤ ਤੋਂ ਕਾਫੀ ਪੈਸੇ ਲੈ ਰੱਖੇ ਸਨ ਤੇ ਏਸੇ ਲਈ ਉਸ ਨੇ ਸੁਸ਼ਾਂਤ ਉੱਤੇ ਖ਼ੁਦਕੁਸ਼ੀ ਦਾ ਦਬਾਅ ਬਣਾਇਆ ਸੀ। ਵਰਨਣ ਯੋਗ ਹੈ ਕਿ ਬਿਹਾਰ ਦੀ ਰਾਜਧਾਨੀ ਪਟਨਾ ਦੇ ਵਸਨੀਕ ਸੁਸ਼ਾਂਤ ਸਿੰਘ ਰਾਜਪੂਤ ਨੇ ਮੁੰਬਈ ਵਿਚ ਖ਼ੁਦਕੁਸ਼ੀ ਕਰ ਲਈ ਸੀ ਅਤੇ ਉਸ ਦੀ ਖ਼ੁਦਕੁਸ਼ੀ ਦੀ ਜਾਂਚ ਸੀਬੀਆਈ ਕਰਾਉਣ ਦੀ ਮੰਗ ਉੱਠ ਰਹੀ ਸੀ।




Paramjit Deol
Broker

CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**




**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**



**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**



**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**



**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**

Photo Not Available

**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**



**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**

Photo Not Available

**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**

Photo Not Available

**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**

Photo Not Available

**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**



**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**




**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**



**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**



**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**



**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**



**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019



ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

## ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**647-764-3637**


# 5 ਸਾਲ ਪੁਰਾਣੇ ਕੇਸ ਵਿੱਚ 2 ਅਫ਼ਸਰਾਂ ਅਤੇ ਸਾਬਕਾ ਨਗਰ ਕੌਂਸਲ ਦੇ ਪ੍ਰਧਾਨ ਖ਼ਿਲਾਫ਼ ਚਾਰਜਸ਼ੀਟ

ਚੰਡੀਗੜ੍ਹ, 28 ਜੁਲਾਈ (ਪੋਸਟ ਬਿਊਰੋ)- ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਦਖ਼ਲ ਪਿੱਛੋਂ ਲੋਕਲ ਬਾਡੀਜ਼ ਵਿਭਾਗ ਨੇ ਕਰੀਬ 5 ਸਾਲ ਪੁਰਾਣੇ ਕੇਸ 'ਚ ਵਿਭਾਗ ਦੇ 2 ਕਾਰਜ ਸਾਧਕ ਅਫ਼ਸਰਾਂ ਤੇ ਨਗਰ ਕੌਂਸਲ ਪ੍ਰਧਾਨ ਦੇ ਸਾਬਕਾ ਖ਼ਿਲਾਫ਼ ਦੇ ਚਾਰਜਸ਼ੀਟ ਜਾਰੀ ਕਰ ਦਿੱਤੀ ਹੈ।
ਇਸ ਬਾਰੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੀ ਚੇਅਰਪਰਸਨ ਸ੍ਰੀਮਤੀ ਤਜਿੰਦਰ ਕੌਰ ਨੇ ਦੱਸਿਆ ਕਿ ਲੋਕਲ ਬਾਡੀਜ਼ ਵਿਭਾਗ ਤੋਂ ਮਿਲੇ ਪੱਤਰ ਅਨੁਸਾਰ ਰਜਨੀਸ਼ ਸੂਦ ਕਾਰਜ ਸਾਧਕ ਅਫ਼ਸਰ ਨਗਰ ਪੰਚਾਇਤ ਚਮਕੌਰ ਸਾਹਿਬ ਤੇ ਗੁਰਬਖਸ਼ੀਸ਼ ਸਿੰਘ, ਕਾਰਜ ਸਾਧਕ ਅਫ਼ਸਰ ਦੋਰਾਹਾ (ਲੁਧਿਆਣਾ) ਦੇ ਖ਼ਿਲਾਫ਼ ਦੋਸ਼ੀ ਸੂਚੀ ਜਾਰੀ ਕਰਦੇ ਹੋਏ ਪੰਜਾਬ ਸਿਵਲ ਸਰਵਿਸਿਜ਼ (ਸਜ਼ਾ ਅਤੇ ਅਪੀਲ) ਨਿਯਮ 1970 ਦੇ ਅਧੀਨ ਅਤੇ ਵਿਜੇ ਕੁਮਾਰ ਸਾਬਕਾ ਪ੍ਰਧਾਨ ਨਗਰ ਕੌਂਸਲ ਮੋਰਿੰਡਾ ਦੇ ਖ਼ਿਲਾਫ਼ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ,

**ਮਾਮਲਾ ਅਨੁਸੂਚਿਤ ਜਾਤੀ ਵਰਗ ਦੀ ਸੀਟ ਦਾ**

ਜਿਨ੍ਹਾਂ ਤੋਂ 21 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਜਵਾਬ ਮੰਗਿਆ ਗਿਆ ਹੈ। ਵਰਨਣ ਯੋਗ ਹੈ ਕਿ ਗੁਰਧਿਆਨ ਸਿੰਘ ਵਾਸੀ ਮੋਰਿੰਡਾ ਨੇ ਕਮਿਸ਼ਨ ਨੂੰ 21 ਮਈ 2015 ਨੂੰ ਸ਼ਿਕਾਇਤ ਕੀਤੀ ਸੀ ਕਿ ਨਗਰ ਕੌਂਸਲ ਮੋਰਿੰਡਾ ਨੇ ਅਨੁਸੂਚਿਤ ਜਾਤੀ ਵਰਗ ਦੀ ਸੀਟ ਉਤੇ ਰਜਨੀਸ਼ ਸੂਦ (ਤਤਕਾਲੀ ਲੇਖਾਕਾਰ ਨਗਰ ਕੌਂਸਲ ਮੋਰਿੰਡਾ) ਦੀ ਪਤਨੀ ਰਜਨੀ ਬਾਲਾ (ਜੋ ਅਨੁਸੂਚਿਤ ਜਾਤੀ ਦੀ ਨਹੀਂ ਸੀ) ਨੂੰ ਨਿਯਮਾਂ ਨੂੰ ਅੱਖੋਂ ਪਰੋਖੇ ਕਰਕੇ ਓਥੇ ਈ ਟੀ ਟੀ ਟੀਚਰ ਭਰਤੀ ਕੀਤਾ ਸੀ। ਇਸ ਕੇਸ ਦੀ ਸਿੱਖਿਆ ਵਿਭਾਗ ਅਤੇ ਲੋਕਲ ਬਾਡੀਜ਼ ਵਿਭਾਗ ਵੱਲੋਂ ਵਿਸਥਾਰਤ ਪੜਤਾਲ ਕੀਤੀ ਗਈ ਤਾਂ ਵਿਭਾਗ ਨੇ ਗ਼ਲਤ ਢੰਗ ਨਾਲ ਅਧਿਆਪਕ ਦੀ ਭਰਤੀ ਵਿੱਚ ਤਤਕਾਲੀ ਚੋਣ ਕਮੇਟੀ ਵਿੱਚ ਸ਼ਾਮਲ ਵਿਜੇ ਕੁਮਾਰ (ਪ੍ਰਧਾਨ ਨਗਰ ਕੌਂਸਲ), ਗੁਰਬਖਸ਼ੀਸ਼ ਸਿੰਘ (ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਮੋਰਿੰਡਾ), ਗੁਰਨਾਮ ਸਿੰਘ (ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਮੋਰਿੰਡਾ) ਭੁਪਿੰਦਰ ਸਿੰਘ (ਤਹਿਸੀਲ ਭਲਾਈ ਅਫ਼ਸਰ ਚਮਕੌਰ ਸਾਹਿਬ) ਤ. ਸਿੰਘ (ਐਥਲੈਟਿਕ ਕੋਚ ਸਪੋਰਟਸ ਡਿਪਾਰਟਮੈਂਟ, ਰੋਪੜ ਪੰਜਾਬ) ਖ਼ਿਲਾਫ਼ ਕਾਰਵਾਈ ਆਰੰਭੀ ਸੀ।

## ਫੌਜੀ ਭਰਤੀ ਲਈ ਤਿਆਰੀ ਕਰਦੇ ਤਿੰਨ ਨੌਜਵਾਨ ਕਾਰ ਨੇ ਕੁਚਲੇ

ਰੋਹਤਕ, 28 ਜੁਲਾਈ (ਪੋਸਟ ਬਿਊਰੋ)- ਏਥੋਂ ਦੇ ਭਾਲੀ ਆਨੰਦਪੁਰ ਪਿੰਡ ਦੇ ਤਿੰਨ ਨੌਜਵਾਨਾਂ ਨੂੰ ਆਊਟਰ ਬਾਈਪਾਸ 'ਤੇ ਈਕੋ ਕਾਰ ਚਾਲਕ ਨੇ ਕੁਚਲ ਦਿੱਤਾ। ਇਸ ਹਾਦਸੇ ਵਿੱਚ 15 ਸਾਲਾ ਸੌਰਭ, 16 ਸਾਲਾ ਪ੍ਰਵੀਨ ਅਤੇ 18 ਸਾਲਾ ਪ੍ਰਮੋਦ ਨੇ ਮੌਕੇ 'ਤੇ ਦਮ ਤੋੜ ਦਿੱਤਾ। ਹਾਦਸਾ ਕੱਲ੍ਹ ਸਵੇਰੇ ਕਰੀਬ ਸਾਢੇ ਪੰਜ ਵਜੇ ਦਾ ਹੈ।
ਪਤਾ ਲੱਗਾ ਹੈ ਕਿ ਇਹ ਲੜਕੇ ਪਿਛਲੇ ਛੇ ਮਹੀਨੇ ਤੋਂ ਫੌਜੀ ਭਰਤੀ ਦੇ ਲਈ ਤਿਆਰੀ ਕਰ ਰਹੇ ਸਨ। ਹਾਦਸੇ ਦੇ ਬਾਅਦ ਭੜਕੇ ਪਿੰਡ ਵਾਸੀਆਂ ਨੇ ਦਿੱਲੀ-ਹਿਸਾਰ ਹਾਈਵੇ 'ਤੇ ਸਵੇਰੇ ਕਰੀਬ ਪੌਣੇ ਛੇ ਵਜੇ ਜਾਮ ਲਗਾ ਦਿੱਤਾ। ਏ ਡੀ ਸੀ ਮਹਿੰਦਰਪਾਲ ਵੱਲੋਂ ਲਿਖਤੀ ਭਰੋਸਾ ਦਿੱਤੇ ਜਾਣ ਦੇ ਬਾਅਦ ਪਿੰਡ ਵਾਸੀਆਂ ਨੇ ਜਾਮ ਖੋਲ੍ਹਿਆ। ਭਾਲੀ ਆਨੰਦਪੁਰ ਵਾਸੀ ਜੈਬੀਰ ਨੇ ਪੁਲਸ ਨੂੰ ਦੱਸਿਆ ਕਿ ਕੱਲ੍ਹ ਸਵੇਰੇ ਕਰੀਬ ਸਾਢੇ ਪੰਜ ਵਜੇ ਉਹ ਆਪਣੇ ਭਤੀਜੇ ਪ੍ਰਵੀਨ, ਪਿੰਡ ਦੇ ਸੌਰਭ ਅਤੇ ਪ੍ਰਮੋਦ ਨੂੰ ਲੈ ਕੇ ਖੇਤ ਜਾ ਰਿਹਾ ਸੀ। ਤਿੰਨੇ ਬੱਚੇ ਅੱਗੇ ਅੱਗੇ ਚੱਲ ਰਹੇ ਸਨ। ਉਹ ਬੱਚਿਆਂ ਤੋਂ ਕੁਝ ਦੂਰੀ 'ਤੇ ਸਨ। ਇਸੇ ਸਮੇਂ ਇੱਕ ਤੇਜ਼ ਰਫਤਾਰ ਗੱਡੀ ਚਾਲਕ ਨੇ ਤਿੰਨਾਂ ਬੱਚਿਆਂ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਤਿੰਨਾਂ ਬੱਚਿਆਂ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋਂ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW



BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
- AZ Tractor trailer program
- Manual transmission & backup training everyday
- We welcome welfare workers & compensation clients

Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8



NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety Our Priority
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

# ਦਲ ਬਦਲੂਆਂ ਨੇ ਦਲਦਲ 'ਚ ਸੁੱਟਿਆ ਭਾਰਤੀ ਲੋਕਤੰਤਰ



-ਗੁਰਮੀਤ ਸਿੰਘ ਪਲਾਹੀ-

ਸੂਬੇ ਰਾਜਸਥਾਨ ਵਿੱਚ ਕਾਂਗਰਸ ਦੇ 19 ਵਿਧਾਇਕ ਸਚਿਨ ਪਾਇਲਟ ਦੀ ਅਗਵਾਈ ਵਿੱਚ ਕਾਂਗਰਸ ਤੋਂ ਬੇ-ਮੁੱਖ ਹੋ ਗਏ ਹਨ ਅਤੇ ਰਾਜਸਥਾਨ ਵਿਧਾਨ ਸਭਾ ਦੇ ਸਪੀਕਰ ਵਲੋਂ ਜਾਰੀ ਅਯੋਗਤਾ ਨੋਟਿਸਾਂ ਨੂੰ ਲੈ ਕੇ ਰਾਜਸਥਾਨ ਹਾਈਕੋਰਟ ਵਿੱਚ ਪਟੀਸ਼ਨ ਪਾਈ ਬੈਠੇ ਹਨ। ਰਾਜਸਥਾਨ ਵਿਧਾਨ ਸਭਾ ਦੇ ਸਪੀਕਰ ਇਸ ਪਟੀਸ਼ਨ ਵਿਰੁਧ ਭਾਰਤੀ ਸੁਪਰੀਮ ਕੋਰਟ ਚਲੇ ਗਏ ਸਨ। ਉਥੋਂ ਉਹਨਾ ਨੂੰ ਕੋਈ ਰਾਹਤ ਨਹੀਂ ਮਿਲੀ। ਰਾਜ ਸਭਾ ਦੇ ਦੋ ਮੈਂਬਰ ਦਲ ਬਦਲਣ ਕਾਰਨ ਸੰਸਦ ਮੈਂਬਰੀ ਗੁਆ ਚੁੱਕੇ ਹਨ। ਗੋਆ ਵਿੱਚ 15 ਵਿਚੋਂ 10 ਵਿਧਾਨ ਸਭਾ ਮੈਂਬਰ ਭਾਜਪਾ 'ਚ ਸ਼ਾਮਲ ਹੋ ਗਏ। ਤਿਲੰਗਾਨਾ 'ਚ ਕਾਂਗਰਸ ਦੇ 16 ਵਿਧਾਇਕਾਂ ਵਿਚੋਂ 12 ਸੱਤਾਧਾਰੀ ਟੀ.ਆਰ.ਐਸ. ਦੀ ਸ਼ਰਨ ਵਿੱਚ ਆ ਗਏ। ਕਰਨਾਟਕ ਵਿੱਚ ਕਾਂਗਰਸ-ਜੇ.ਡੀ.ਐਸ. ਦੇ ਵਿਧਾਇਕ ਅਸਤੀਫ਼ਾ ਦੇ ਕੇ ਭਾਜਪਾ 'ਚ ਸ਼ਾਮਲ ਹੋ ਗਏ।ਮੱਧ ਪ੍ਰਦੇਸ਼ ਵਿੱਚ ਕਾਂਗਰਸ ਦੀ ਸਰਕਾਰ ਭਾਜਪਾ ਨੇ ਹਥਿਆ ਲਈ। ਦਲਬਦਲੂਆਂ ਨੂੰ ਮੰਤਰੀ ਦਾ ਅਹੁਦਾ ਨਸੀਬ ਹੋ ਗਿਆ। ਇਸ ਖੇਡ ਨੂੰ ਜੋਤੀਅਦਿਤਾ ਸਿੰਧੀਆ ਨੇ ਅੰਜ਼ਾਮ ਦਿੱਤਾ। ਮਹਾਰਾਸ਼ਟਰ 'ਚ ਵੀ ਇਹ ਖੇਡ ਖੇਡਣ ਦੀਆਂ ਤਿਆਰੀਆਂ ਹਨ। ਹੋ ਸਕਦਾ ਹੈ ਪੰਜਾਬ ਦੀ ਵੀ ਵਾਰੀ ਆ ਜਾਏ। ਚੋਣਾਂ ਤੋਂ ਪਹਿਲਾਂ ਟਿਕਟ ਦੇ ਲਈ ਦਲ ਬਦਲ ਦੀ ਖੇਡ ਤਾਂ ਆਮ ਹੋ ਚੁੱਕੀ ਸੀ, ਪਰ ਚੋਣ ਜਿਤਣ ਦੇ ਬਾਅਦ ਵਿਧਾਇਕ ਜਾਂ ਸਾਂਸਦ ਅਹੁਦਿਆਂ ਦੇ ਲਾਲਚ 'ਚ ਜਿਸ ਢੰਗ ਨਾਲ ਪਾਰਟੀਆਂ ਬਦਲਣ ਲੱਗ ਪਏ ਹਨ ਅਤੇ ਕੇਂਦਰ 'ਚ ਸੱਤਾਧਾਰੀ ਪਾਰਟੀ ਦਲਬਦਲ ਨੂੰ ਜਿਸ ਤਰ੍ਹਾਂ ਉਤਸ਼ਾਹਤ ਕਰ ਰਹੀ ਹੈ, ਉਸ ਨੂੰ ਕੀ ਇੱਕ ਦੇਸ਼ ਇੱਕ ਪਾਰਟੀ ਰਾਜ ਵੱਲ ਵੱਧਦੇ ਤਿੱਖੇ ਕਦਮਾਂ ਦਾ ਨਾਅ ਨਹੀਂ ਦਿੱਤਾ ਜਾਏਗਾ?

ਕਦੇ ਕਾਂਗਰਸ ਸੱਭੋ ਕੁਝ ਆਪਣੇ ਹੱਕ ਦੀ ਰਾਜਨੀਤਿਕ ਖੇਡ, ਦੇਸ਼ ਭਰ ਵਿੱਚ ਖੇਡਦੀ ਰਹੀ। ਵਿਰੋਧੀਆਂ ਦੀਆਂ ਸਰਕਾਰਾਂ ਤੋੜਦੀ ਰਹੀ ਅਤੇ ਹੁਣ ਉਹੀ ਪਾਰਟੀ ਭਾਜਪਾ ਦੀਆਂ ਵਿਸਥਾਰਵਾਦੀ ਨੀਤੀਆਂ ਦਾ ਸ਼ਿਕਾਰ ਹੋਈ ਪਈ ਹੈ। ਸਿੱਟੇ ਵਜੋਂ ਦੇਸ਼ ਵਿੱਚ ਲੋਕਤੰਤਰ ਦੀ ਹੱਤਿਆ ਹੋ ਰਹੀ ਹੈ। 1960-70 ਦੇ ਦਹਾਕੇ ਵਿੱਚ ਕਈ ਨੇਤਾਵਾਂ ਨੇ ਦੋ-ਦੋ ਸਿਆਸੀ ਦਲ ਬਦਲੇ। 30 ਅਕਤੂਬਰ 1967 ਨੂੰ ਹਰਿਆਣਾ ਦੇ ਵਿਧਾਇਕ 'ਗਿਆ ਲਾਲ' ਨੇ ਇੱਕ ਦਿਨ 'ਚ ਦੋ ਦਲ ਬਦਲ ਲਏ। ਉਸਨੇ ਹੀ ਪੰਦਰਾਂ ਦਿਨਾਂ 'ਚ ਤਿੰਨ ਦਲ ਬਦਲਣ ਦਾ ਰਿਕਾਰਡ ਕਾਇਮ ਕੀਤਾ ਸੀ। ਗਿਆ ਲਾਲ ਪਹਿਲਾਂ ਕਾਂਗਰਸ ਵਿੱਚੋਂ ਜਨਤਾ ਦਲ 'ਚ ਗਏ, ਫਿਰ ਵਾਪਸ ਕਾਂਗਰਸ ਵਿੱਚ ਆਏ ਅਤੇ ਅਗਲੇ 9 ਘੰਟਿਆਂ 'ਚ ਦੁਬਾਰਾ ਕਾਂਗਰਸ ਵਿੱਚ ਪਰਤ ਆਏ। ਇਹੋ ਵਿਧਾਇਕ 'ਆਇਆ ਰਾਮ-ਗਿਆ ਰਾਮ' ਦੇ ਨਾਂਅ ਨਾਲ ਪ੍ਰਸਿੱਧੀ ਪ੍ਰਾਪਤ ਕਰ ਗਿਆ।

ਲੋਕਤੰਤਰਿਕ ਪ੍ਰੀਕਿਰਿਆ ਵਿੱਚ ਸਿਆਸੀ ਦਲ ਸਭ ਤੋਂ ਅਹਿਮ ਹਨ ਅਤੇ ਮੰਨਿਆ ਜਾਂਦਾ ਹੈ ਕਿ ਉਹ ਸਮੂਹਿਕ ਅਧਾਰ 'ਤੇ ਫ਼ੈਸਲੇ ਲੈਂਦੇ ਹਨ। ਪਰ ਪਿਛਲੇ ਸਮੇਂ 'ਚ ਕੁਝ ਪਰਿਵਾਰਾਂ ਹੱਥ ਸਿਆਸੀ ਪਾਰਟੀਆਂ ਦੀ ਵਾਂਗਡੋਰ ਹੋਣ ਕਾਰਨ ਇਹ ਫ਼ੈਸਲੇ ਆਪਣੀ ਨਿੱਜ ਦੀ ਤਾਕਤ ਵਧਾਉਣ ਲਈ ਕੀਤੇ ਜਾਣ ਲੱਗ ਪਏ ਹਨ। ਅਸਲ ਵਿੱਚ ਤਾਂ ਆਜ਼ਾਦੀ ਦੇ ਕੁਝ ਵਰ੍ਹਿਆਂ ਬਾਅਦ ਹੀ ਸਿਆਸੀ ਦਲਾਂ ਨੂੰ ਮਿਲਣ ਵਾਲੇ ਸਮੂਹਿਕ ਲੋਕਾਂ ਦੇ ਚੋਣ ਫ਼ੈਸਲਿਆਂ ਦੀ ਅਣਦੇਖੀ ਕੀਤੀ ਜਾਣ ਲੱਗ ਪਈ ਸੀ। ਵਿਧਾਇਕਾਂ ਅਤੇ ਸਾਂਸਦਾਂ ਦੇ ਜੋੜ-ਤੋੜ ਨਾਲ ਸਰਕਾਰਾਂ ਬਨਣ ਅਤੇ ਡਿੱਗਣ ਲੱਗੀਆਂ। ਸਾਲ 1960-70 ਦੇ ਦਹਾਕੇ 'ਚ ਇਹ ਪ੍ਰਵਿਰਤੀ ਵਧਣ ਲੱਗੀ। ਸਾਂਸਦ, ਵਿਧਾਇਕਾਂ ਦੀ ਖਰੀਦੋ-ਫਰੋਖ਼ਤ ਦਾ ਵਰਤਾਰਾ ਹੋਂਦ 'ਚ ਆਇਆ। ਰਾਜਨੀਤੀ ਦਾ ਰਿਸ਼ਤਾ ਜਨ ਸੇਵਾ ਨਾਲ ਕੱਚੇ ਧਾਗੇ ਵਰਗਾ ਹੋ ਗਿਆ । ਲੋਕਤੰਤਰ ਹੁਣ ਸਿਰਫ਼ ਨੇਤਾਵਾਂ ਦੇ ਸਹਾਰੇ ਨਹੀਂ ਚੱਲਦਾ। ਦਰਅਸਲ ਲੋਕਤੰਤਰ ਦੇ ਥੰਮ ਨਿਆਪਾਲਿਕਾ, ਕਾਰਜਪਾਲਿਕਾ, ਵਿਧਾਨ ਪਾਲਿਕਾ ਕਿਉਂਕਿ ਪੰਗੂ ਬਣ ਕੇ ਰਹਿ ਗਏ ਹਨ, ਇਸ ਕਰਕੇ ਲੋਕਤੰਤਰ ਤਾਂ ਜਿਵੇਂ ਹੁਣ ਵਣਜ ਵਪਾਰ ਬਣਕੇ ਰਹਿ ਗਿਆ ਹੈ। ਹੁਣ ਜਦੋਂ ਸਰਕਾਰਾਂ ਤੋੜਨ-ਬਨਾਉਣ ਦਾ ਸਿਲਸਿਲਾ ਚੱਲਦਾ ਹੈ ਤਾਂ ਦੇਸ਼ ਦੇ ਵੱਡੇ ਰਿਜ਼ਾਰਟਾਂ ਵਿੱਚ ਸੌਦੇਬਾਜੀ ਹੁੰਦੀ ਹੈ। ਵੱਡੇ-ਵੱਡੇ ਨੌਕਰਸ਼ਾਹ ਵੀ ਇਹਨਾ ਸੌਦਿਆਂ ਨੂੰ ਸਿਰੇ ਲਾਉਣ ਲਈ ਮੋਹਰੀ ਭੂਮਿਕਾ ਨਿਭਾਉਂਦੇ ਨਜ਼ਰ ਆਉਂਦੇ ਹਨ।

ਦਲ ਬਦਲੂਆਂ ਨੂੰ ਰੋਕਣ ਲਈ ਭਾਰਤੀ ਸੰਵਿਧਾਨ ਦੀ 10ਵੀਂ ਅਨਸੂਚੀ, ਜਿਸ ਨੂੰ ਦਲਬਦਲੂ ਵਿਰੋਧੀ ਕਾਨੂੰਨ ਕਿਹਾ ਜਾਂਦਾ ਹੈ, ਸਾਲ 1985 ਵਿੱਚ 52ਵੀਂ ਸੰਵਿਧਾਨਿਕ ਸੋਧ ਦੁਆਰਾ ਸੰਸਦ 'ਚ ਲਿਆਂਦਾ ਗਿਆ ਸੀ। ਉਸ ਵੇਲੇ ਦੇਸ਼ ਵਿੱਚ ਕਾਂਗਰਸ ਪਾਰਟੀ ਦਾ ਰਾਜ ਸੀ ਅਤੇ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸਨ। ਇਸ ਸੋਧ ਦਾ ਉਦੇਸ਼ ਸਿਆਸੀ ਲਾਭ ਅਤੇ ਅਹੁਦੇ ਦੇ ਲਾਲਚ ਵਿੱਚ ਦਲ ਬਦਲ ਕਰਨ ਵਾਲੇ ਲੋਕ-ਪ੍ਰਤੀਨਿਧੀਆਂ ਭਾਵ ਸਾਂਸਦਾਂ, ਵਿਧਾਇਕਾਂ ਨੂੰ ਮੈਂਬਰੀ ਤੋਂ ਅਯੋਗ ਕਰਾਰ ਦੇਣਾ ਹੈ, ਤਾਂ ਕਿ ਸੰਸਦ ਦੀ ਸਥਿਰਤਾ ਬਣੀ ਰਹੇ। ਇਹ ਕਨੂੰਨ ਪਾਸ ਵੀ ਕਰ ਦਿੱਤਾ ਗਿਆ। ਇਸ ਕਨੂੰਨ ਤਹਿਤ ਇਹ ਤਹਿ ਹੋਇਆ ਕਿ ਜੇਕਰ ਕੋਈ ਚੁਣਿਆ ਹੋਇਆ ਪ੍ਰਤੀਨਿਧ ਆਪਣੀ ਮਰਜ਼ੀ ਨਾਲ ਆਪਣੇ ਸਿਆਸੀ ਦਲ ਵਿਚੋਂ ਅਸਤੀਫ਼ਾ ਦਿੰਦਾ ਹੈ ਜਾਂ ਕੋਈ ਅਜ਼ਾਦ ਵਿਧਾਇਕ ਕਿਸੇ ਸਿਆਸੀ ਦਲ 'ਚ ਸ਼ਾਮਲ ਹੁੰਦਾ ਹੈ, ਜਾਂ ਕੋਈ ਵਿਧਾਇਕ ਸਦਨ ਵਿੱਚ ਆਪਣੀ ਪਾਰਟੀ ਵਿਰੁੱਧ ਵੋਟ ਦਿੰਦਾ ਹੈ ਜਾਂ ਵੋਟਿੰਗ ਵੇਲੇ ਗੈਰ-ਹਾਜ਼ਰ ਰਹਿੰਦਾ ਹੈ, ਉਸਨੂੰ ਅਯੋਗ ਘੋਸ਼ਿਤ ਕੀਤਾ ਜਾ ਸਕਦਾ ਹੈ। ਪਰ ਨਾਲ ਹੀ ਇਸ ਕਨੂੰਨ ਵਿੱਚ ਇਹ ਮਦ ਸ਼ਾਮਲ ਸੀ ਕਿ ਜੇਕਰ ਕਿਸੇ ਸਿਆਸੀ ਦਲ ਦੇ ਇਕ ਤਿਹਾਈ ਮੈਂਬਰ ਪਾਰਟੀ ਵਿਚੋਂ ਅਸਤੀਫ਼ਾ ਦੇਕੇ ਆਪਣਾ ਨਵਾਂ ਦਲ ਬਣਾ ਲੈਂਦੇ ਹਨ ਤਾਂ ਉਹ ਅਯੋਗ ਘੋਸ਼ਿਤ ਨਹੀਂ ਕੀਤੇ ਜਾ ਸਕਦੇ। ਇਸ ਕਨੂੰਨ ਵਿੱਚ 91ਵੀਂ ਸੰਵਿਧਾਨਿਕ ਸੋਧ ਇਹ ਵੀ ਕੀਤੀ ਗਈ ਕਿ ਸੂਬਿਆਂ ਦੇ ਮੰਤਰੀ ਮੰਡਲ ਦਾ ਆਕਾਰ ਕੁਲ ਵਿਧਾਇਕਾਂ ਦਾ 15 ਫ਼ੀਸਦੀ ਤੱਕ ਸੀਮਤ ਹੋਏਗਾ ਪਰ ਕੈਬਨਿਟ ਰੈਂਕ ਦੇ 12 ਮੰਤਰੀ ਉਸ ਵਿੱਚ ਜ਼ਰੂਰ ਹੋਣਗੇ। ਇਸ ਸੋਧ ਵਿੱਚ 10ਵੀਂ ਸੂਚੀ ਦੀ ਧਾਰਾ 3 ਨੂੰ ਖ਼ਤਮ ਕਰ ਦਿੱਤਾ ਗਿਆ ਜੋ ਕਹਿੰਦੀ ਸੀ ਕਿ ਇਕ ਤਿਹਾਈ ਮੈਂਬਰ ਇਕੱਠੇ ਹੋ ਕੇ ਦਲ ਬਦਲ ਸਕਦੇ ਹਨ। ਇਸ ਦਲ ਬਦਲ ਕਨੂੰਨ ਦੇ ਹੱਕ 'ਚ ਇਹ ਤਰਕ ਦਿੱਤਾ ਜਾਂਦਾ ਰਿਹਾ ਕਿ ਜਨਤਾ ਦਾ, ਜਨਤਾ ਲਈ ਅਤੇ ਜਨਤਾ ਰਾਹੀਂ ਸਾਸ਼ਨ ਹੀ ਲੋਕਤੰਤਰ ਹੈ। ਲੋਕਤੰਤਰ ਵਿੱਚ ਜਨਤਾ ਹੀ ਸੱਤਾਧਾਰੀ ਹੁੰਦੀ ਹੈ, ਉਸਦੀ ਸਹਿਮਤੀ ਨਾਲ ਹੀ ਸਾਸ਼ਨ ਹੁੰਦਾ ਹੈ। ਪਰ ਦੇਸ਼ ਭਾਰਤ ਦਾ ਲੋਕਤੰਤਰ ਤਾਂ ਹੁਣ ਇੱਕ ਪਾਰਟੀ ਰਾਜ ਨੂੰ ਹੀ ਉਤਸ਼ਾਹਤ ਕਰਦਾ ਨਜ਼ਰ ਆਉਂਦਾ ਹੈ। ਹੁਣ ਤਾਂ ਹਾਕਮ ਧਿਰਾਂ ਆਪਣੇ ਤੋਂ ਉਲਟ ਮਹੱਤਵਪੂਰਨ ਵਿਚਾਰਾਂ ਨੂੰ ਦੇਸ਼ ਧਿਰੋਹ ਦਾ ਨਾਮ ਦੇ ਰਹੀਆਂ ਹਨ ਅਤੇ ਦੇਸ਼ 'ਚ ਉੱਠ ਰਹੀਆਂ ਵਿਦਰੋਹੀ ਆਵਾਜ਼ਾਂ ਨੂੰ ਹਰ ਹੀਲੇ ਕੁਚਲਣ ਦੇ ਰਾਹ ਪਈਆਂ ਹਨ। ਉਹ ਦਲ ਬਦਲੂ ਕਨੂੰਨ ਜਿਹੜਾ ਸਾਂਸਦਾਂ/ਵਿਧਾਇਕਾਂ ਦੀ ਖਰੀਦੋ-ਫ਼ਰੋਖ਼ਤ ਰੋਕਣ ਲਈ ਕਾਰਗਰ ਮੰਨਿਆ ਜਾਂਦਾ ਸੀ, ਇਲਾਜ ਹੀ ਹੁਣ ਬੀਮਾਰੀ ਬਣ ਗਿਆ ਹੈ। ਇਹ ਇਸ ਲਈ ਕਿ ਇਸ ਕਨੂੰਨ ਦੇ ਕੁਝ ਪ੍ਰਾਵਧਾਨ ਦਲੀਲ ਪੂਰਨ ਨਹੀਂ ਹਨ।

ਉਦਾਹਰਨ ਦੇ ਤੌਰ 'ਤੇ ਜੇਕਰ ਕੋਈ ਆਪਣੀ ਹੀ ਪਾਰਟੀ ਦੇ ਫ਼ੈਸਲੇ ਦੀ ਸਰਵਜਨਕ ਆਲੋਚਨਾ ਕਰਦਾ ਹੈ ਤਾਂ ਮੰਨਿਆ ਜਾਂਦਾ ਹੈ ਕਿ ਸਬੰਧਤ ਮੈਂਬਰ 10ਵੀਂ ਅਨੁਸੂਚੀ ਦੇ ਤਹਿਤ ਆਪਣੀ ਮਰਜ਼ੀ ਨਾਲ ਪਾਰਟੀ ਛੱਡਣਾ ਚਾਹੁੰਦਾ ਹੈ। ਇਹ ਪ੍ਰਾਵਧਾਨ ਪਾਰਟੀਆਂ ਨੂੰ ਕਿਸੇ ਹਾਲਤ ਵਿੱਚ ਆਪਣੀ ਮਨਮਰਜ਼ੀ ਨਾਲ ਵਿਆਖਿਆ ਕਰਨ ਦੀ ਸੁਵਿਧਾ ਦਿੰਦਾ ਹੈ। ਦੁਨੀਆ ਵਿੱਚ ਕੋਈ ਵੀ ਹੋਰ ਇਹੋ ਜਿਹਾ ਦੇਸ਼ ਨਹੀਂ ਹੈ ਜਿਥੇ ਦਲ-ਬਦਲ ਵਿਰੋਧੀ ਕਨੂੰਨ ਜਿਹੀ ਵਿਵਸਥਾ ਹੋਵੇ। ਬਰਤਾਨੀਆ, ਅਮਰੀਕਾ, ਅਸਟ੍ਰੇਲੀਆ ਆਦਿ ਦੇਸ਼ਾਂ ਵਿੱਚ ਜਨ ਪ੍ਰਤੀਨਿਧੀ ਆਪਣੇ ਸਿਆਸੀ ਦਲਾਂ ਵਿਰੁੱਧ ਵਿਚਾਰ ਰੱਖਦੇ ਹਨ ਜਾਂ ਪਾਰਟੀ ਲਾਈਨ ਤੋਂ ਅਲੱਗ ਜਾਕੇ ਵੋਟ ਪਾਉਂਦੇ ਹਨ, ਫਿਰ ਵੀ ਉਹ ਪਾਰਟੀ ਦੇ ਮੈਂਬਰ ਬਣੇ ਰਹਿੰਦੇ ਹਨ।

ਦਲ ਬਦਲ ਵਿਰੋਧੀ ਕਨੂੰਨ ਨਿਸ਼ਚਿਤ ਤੌਰ ਉਤੇ ਦਲ ਬਦਲ ਉਤੇ ਰੋਕ ਲਗਾਉਣ ਲਈ ਸਮਰੱਥ ਮੰਨਿਆ ਗਿਆ ਸੀ, ਪਰ ਪਿਛਲੇ ਸਮੇਂ 'ਚ ਵਾਪਰੀਆਂ ਘਟਨਾਵਾਂ ਇਹ ਸਿੱਧ ਕਰਦੀਆਂ ਹਨ ਕਿ ਨੇਤਾਵਾਂ ਤੇ ਸਿਆਸੀ ਪਾਰਟੀਆਂ ਨੇ ਇਸ ਕਨੂੰਨ ਦੀਆਂ ਵੀ, ਬਾਕੀ ਬਹੁਤੇ ਕਨੂੰਨਾਂ ਵਾਂਗਰ ਧੱਜੀਆਂ ਉਡਾ ਦਿੱਤੀਆਂ ਹਨ। ਲਾਲਚ ਬਸ, ਆਪਣੇ ਵਿਧਾਇਕੀ ਅਹੁਦਿਆਂ ਤੋਂ ਅਸਤੀਫ਼ੇ ਦੇਕੇ, ਮੰਤਰੀ ਪਦ ਪ੍ਰਾਪਤ ਕਰ ਲਏ, ਕਿਉਂਕਿ ਕੋਈ ਵੀ ਵਿਅਕਤੀ ਛੇ ਮਹੀਨਿਆਂ ਤੱਕ ਬਿਨ੍ਹਾਂ ਵਿਧਾਨ ਸਭਾ ਦਾ ਮੈਂਬਰ ਹੁੰਦਿਆਂ ਮੰਤਰੀ ਰਹਿ ਸਕਦਾ ਹੈ ਅਤੇ ਲੋਕਾਂ ਨੂੰ ਮਜ਼ਬੂਰਨ ਦੂਜੀ ਵੇਰ ਚੋਣਾਂ ਦੇ ਰਾਹ ਪਾ ਸਕਦਾ ਹੈ। ਮੱਧ ਪ੍ਰਦੇਸ਼ ਇਸ ਦੀ ਵੱਡੀ ਉਦਾਹਰਨ ਹੈ। ਇਹ ਭਾਰਤੀ ਲੋਕਤੰਤਰ ਵਿੱਚ ਇੱਕ ਖਤਰਨਾਕ ਰੁਝਾਨ ਹੈ।

ਕਿਸੇ ਵੀ ਸਿਆਸੀ ਪਾਰਟੀ ਵਿੱਚ ਸੁਭਾਵਿਕ ਤੌਰ 'ਤੇ ਉਚੇ ਅਹੁਦਿਆਂ ਲਈ ਨੇਤਾਵਾਂ ਵਿੱਚ ਹੋੜ ਲੱਗੀ ਰਹਿੰਦੀ ਹੈ, ਸੰਘਰਸ਼ ਵੀ ਹੁੰਦਾ ਰਹਿੰਦਾ ਹੈ। ਆਖ਼ਿਰਕਾਰ ਜਿਹੜਾ ਨੇਤਾ, ਪਾਰਟੀ ਦੇ ਧੜਿਆਂ ਦੀ ਖਿੱਚ ਧੂਹ ਵਿੱਚ ਅੱਗੇ ਆ ਨਿਕਲਦਾ ਹੈ, ਦੂਜਾ ਉਸਦਾ ਵਿਰੋਧ ਵੀ ਕਰਦਾ ਹੈ। ਫਿਰ ਵੀ ਕੋਈ ਨੇਤਾ ਲੰਮੇ ਸਮੇਂ ਤੱਕ ਕਿਸੇ ਅਹੁਦੇ ਉਤੇ ਬੈਠਾ ਨਹੀਂ ਰਹਿ ਸਕਦਾ। ਉਹ ਆਪਣੇ ਸਾਥੀਆਂ, ਪਾਰਟੀ 'ਚ ਆਪਣੇ ਵਿਰੋਧੀਆਂ ਦੀ ਈਰਖਾ ਦਾ ਕਾਰਨ ਵੀ ਬਣਦਾ ਹੈ। ਸੱਤਾ ਹਾਸਲ ਕਰਨਾ ਮਾਨਵ ਜਾਤੀ ਦਾ ਸੁਭਾਅ ਹੈ। ਸੱਤਾ ਪ੍ਰਾਪਤੀ ਲਈ ਬੇਚੈਨੀ ਉਸ ਨੂੰ ਗਲਤ ਕੰਮ ਕਰਨ ਲਈ ਮਜ਼ਬੂਰ ਕਰਦੀ ਹੈ। ਇਸੇ ਕਰਕੇ ਨੇਤਾ ਆਪਣੀ ਇੱਛਾ ਦੀ ਪੂਰਤੀ ਲਈ ਲੋਕ-ਹਿੱਤ ਵੇਚ ਦਿੰਦੇ ਹਨ। ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਮਿੱਧ ਦੇਂਦੇ ਹਨ। ਦਲ ਬਦਲੂ ਕਨੂੰਨ ਬਨਾਉਣ ਵਾਲਿਆਂ ਦਾ ਉਦੇਸ਼ 'ਆਇਆ ਰਾਮ, ਗਿਆ ਰਾਮ' ਦੀ ਰਾਜਨੀਤੀ ਨੂੰ ਨੱਥ ਪਾਉਣਾ ਸੀ ਤਾਂ ਕਿ ਵੋਟਰਾਂ ਦੇ ਮੱਤਦਾਨ ਦਾ ਸਮਝੌਤਾ ਨਾ ਹੋਵੇ ਅਤੇ ਸੰਸਦੀ ਲੋਕਤੰਤਰ ਦੀ ਨੀਂਹ ਸਥਿਰ ਬਣੀ ਰਹੇ। ਪਰ ਇਹ ਕਨੂੰਨ ਵੀ ਲਾਲਚੀ ਨੇਤਾਵਾਂ ਨੇ ਆਪਣੇ ਢੰਗ ਨਾਲ ਤੋੜ-ਮਰੋੜ ਲਿਆ ਹੈ।ਇਹਨਾ ਨੇਤਾਵਾਂ ਨੇ ਗੱਦੀ ਨਾਲ ਮੋਹ ਪਾਲਦਿਆਂ ਅਸੂਲਾਂ ਦੀਆਂ ਧੱਜੀਆਂ ਉੱਡਾ ਦਿੱਤੀਆਂ ਹਨ। ਨੇਤਾਵਾਂ ਦੀ ਹਾਕਮੀ ਹਵਸ਼ ਨੇ ਮੌਜੂਦਾ ਦੌਰ ਵਿੱਚ ਸੱਭੋ ਕੁਝ ਦਾਅ ਤੇ ਲਗਾਕੇ " ਤਾਕਤੀ ਕੁਰਸੀ ਨੂੰ ਹੀ ਪ੍ਰਣਾਅ ਲਿਆ ਹੈ।

ਕੀ ਮੰਤਰੀ ਬਨਣ ਲਈ ਜਾਂ ਕੋਈ ਹੋਰ ਅਹੁਦਾ ਪ੍ਰਾਪਤ ਕਰਨ ਲਈ ਜਿਹੜਾ ਸਾਂਸਦ/ਵਿਧਾਇਕ, ਦਲ ਬਦਲੀ ਕਰਦਾ ਹੈ, ਚੋਣ ਜਿੱਤਣ ਬਾਅਦ ਉਸਨੂੰ ਅਗਲੇ ਪੰਜ ਸਾਲਾਂ ਲਈ ਚੋਣ ਲੜਨ ਲਈ ਅਯੋਗ ਕਰਾਰ ਨਹੀਂ ਦਿੱਤਾ ਜਾਣਾ ਚਾਹੀਦਾ?

-ਗੁਰਮੀਤ ਸਿੰਘ ਪਲਾਹੀ

-9815802070

-(ਪੰਜਾਬੀ ਫੀਚਰ ਸਿੰਡੀਕੇਟ ਵਲੋਂ ਜਾਰੀ)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

jobs! jobs! jobs! jobs! jobs!

HELP WANTED
ਕਾਮਿਆਂ ਦੀ ਲੋੜ
DUNDAS·JAFINE
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

**WAREHOUSE ORDER PICKER** (For a Food distribution company in Scarborough)

**Job Description:**

●Order picking and packing as well as stocking up of shelves.

●Contribute to daily inbound or outbound warehouse operations.

●Palletize and wrap skids, Organize warehouse space, Pick and load orders quickly and accurately and other duties as required.

**Requirements:**

●2 positions, Preferred Experience - 2-3 yrs. in food wholesale/distribution warehouse. Students/New Immigrants Welcome.

●Capable of lifting up to 50lbs

●Able to speak English

●Full time/ Part time Monday - Friday

●Hourly Rate - Order Picker - $18 to $21, depending upon experience.

Please send your resumes by email at siva@srimi.com or by fax at +1 647-351-7157 or


Call Ram at +1 647-831-9149 (Morning) or Siva at +1 416-666-8525 (Evening).




ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ । ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ। ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
289-541-5384






A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ
Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ




GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ●For Marketing 647-656-6648

PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਚਾਨਣ ਦਾ ਵਣਜਾਰਾ : ਡਾ. ਜਸਵੰਤ ਸਿੰਘ (1932-2020)



ਪ੍ਰਲੋਕ ਵਿਚ ਸਵਰਗ ਦੀ ਪ੍ਰਾਪਤੀ ਲਈ ਭਾਰਤ ਦੇ ਅਨੇਕਾਂ ਲੋਕ ਜਿਉਂਦੇ-ਜੀਅ ਧਾਰਮਿਕ ਅਸਥਾਨਾਂ ਉੱਤੇ ਕਈ ਕਿਸਮਾਂ ਦਾ ਦਾਨ-ਪੁੰਨ ਕਰਦੇ ਹਨ। ਪਰ ਇਸ ਦੇ ਉਲਟ ਕੁਝ ਅਜਿਹੇ ਰੌਸ਼ਨ-ਦਿਮਾਗ ਚਿਹਰੇ ਵੀ ਹਨ, ਜੋ ਲਿਤਾੜੇ ਜਾ ਰਹੇ ਨੀਵੇਂ ਤੇ ਨਿਤਾਣੇ ਲੋਕਾਂ ਦਾ ਸਹਾਰਾ ਬਣਕੇ ਇਸ ਧਰਤੀ 'ਤੇ ਹੀ ਸਵਰਗ ਦੀ ਸਿਰਜਣਾ ਕਰ ਦਿੰਦੇ ਹਨ। ਅਜਿਹੇ ਹੀ ਲੋਕਾਂ ਵਿਚੋਂ ਇਕ ਸਨ, ਡਾ. ਜਸਵੰਤ ਸਿੰਘ ਜਿਨ੍ਹਾਂ ਨੇ ਭਾਰਤ ਤੋਂ ਕੈਨੇਡਾ ਅਤੇ ਅਮਰੀਕਾ ਜਾ ਕੇ ਸਿੱਖਿਆ ਅਤੇ ਲਾਇਬ੍ਰੇਰੀ ਵਿਗਿਆਨ ਵਿਚ ਪੀ.ਐੱਚ.ਡੀ. ਪੱਧਰ ਦੀਆਂ ਉਚੇਰੀਆਂ ਡਿਗਰੀਆਂ ਪ੍ਰਾਪਤ ਕੀਤੀਆਂ, ਉੱਥੇ ਵੱਖ-ਵੱਖ ਪੱਧਰ 'ਤੇ ਲਾਇਬ੍ਰੇਰੀ-ਸੇਵਾਵਾਂ ਨਿਭਾਈਆਂ ਅਤੇ ਸੇਵਾ-ਮੁਕਤੀ ਤੋਂ ਬਾਅਦ ਪੰਜਾਬ ਦੇ ਪਿੰਡਾਂ ਵਿਚ ਮੋਬਾਈਲ ਲਾਇਬ੍ਰੇਰੀ-ਸੇਵਾ ਸ਼ੁਰੂ ਕੀਤੀ ਤੇ ਉੱਥੇ ਪਬਲਿਕ ਲਾਇਬ੍ਰੇਰੀਆਂ ਦਾ ਨਿਰਮਾਨ ਕੀਤਾ। । ਭਾਰਤੀ ਸਮਾਜ ਵਿਚ ਹਜ਼ਾਰਾਂ ਸਾਲਾਂ ਤੋਂ ਹੀ ਦੋ ਪ੍ਰਮੁੱਖ ਵਿਰੋਧੀ ਤਾਕਤਾਂ ਰਹੀਆਂ ਹਨ: ਇਕ ਅਗਿਆਨ ਤੇ ਅਨਪੜ੍ਹ ਲੋਕਾਂ ਤੋਂ ਸਦਾ ਆਪਣਾ ਨਿੱਜੀ ਲਾਭ ਲੈਣ ਦੀ ਤਾਕ ਵਿਚ ਹੈ ਅਤੇ ਦੂਜੀ ਉਨ੍ਹਾਂ ਹੀ ਲੋਕਾਂ ਨੂੰ ਸਿਖਿਅਤ ਤੇ ਜਾਗਰੂਕ ਬਣਾਉਣ ਵਿਚ ਦਿਨ-ਰਾਤ ਜੁਟੀ ਹੋਈ ਹੈ। ਡਾ. ਜਸਵੰਤ ਸਿੰਘ ਹੁਰਾਂ ਦਾ ਸਬੰਧ ਦੂਜੀ ਧਿਰ ਨਾਲ ਸੀ। ਪ੍ਰਵਾਸੀ ਲਾਇਬ੍ਰੇਰੀਅਨ ਤੇ ਪੰਜਾਬ ਵਿਚ ਮੋਬਾਈਲ (ਚਲਦੀ-ਫਿਰਦੀ) ਲਾਇਬ੍ਰੇਰੀ ਦੇ ਮੋਢੀ ਨਿਰਮਾਤਾ ਡਾ. ਜਸਵੰਤ ਸਿੰਘ ਦਾ ਦਿਹਾਂਤ 16 ਮਈ, 2020 ਨੂੰ ਰੌਕਵੇ (ਯੂ. ਐੱਸ. ਏ.) ਵਿਚਲੇ ਘਰ ਵਿਖੇ ਹੋਇਆ। ਬਜ਼ੁਰਗ ਅਵਸਥਾ ਕਾਰਨ, ਕੁਝ ਚਿਰ ਪਹਿਲਾਂ ਹੀ ਉਨ੍ਹਾਂ ਆਪਣੀ ਧੀ, ਅਮਰਦੀਪ ਕੋਲ ਰਹਿਣਾ ਸ਼ੁਰੂ ਕੀਤਾ ਸੀ। ਉਹ ਆਪਣੀ ਲਾਇਬ੍ਰੇਰੀਅਨ ਪਤਨੀ ਜਸਜੀਤ ਕੌਰ, ਬੇਟੀ ਅਮਰਦੀਪ ਕੌਰ ਗਿੱਲ ਤੇ ਉਸਦੇ ਪਰਿਵਾਰ, ਅਤੇ ਕੀਤੇ ਗਏ ਅਨੇਕਾਂ ਨੇਕ ਕਾਰਜਾਂ ਰਾਹੀਂ ਹਮੇਸ਼ਾ ਜੀਵਤ ਰਹਿਣਗੇ। ਉਨ੍ਹਾਂ ਜਿਉਂਦੇ-ਜੀਅ ਹੀ ਆਪਣੇ ਮ੍ਰਿਤਕ ਸਰੀਰ ਨੂੰ ਮੈਡੀਕਲ ਖੋਜ ਵਾਸਤੇ ਦਾਨ ਦੇਣ ਦਾ ਫੈਸਲਾ ਕਰ ਲਿਆ ਸੀ।

ਦਸ ਭੈਣ-ਭਾਈਆਂ ਵਿਚੋਂ ਸਭ ਤੋਂ ਵੱਡੇ ਜਸਵੰਤ ਸਿੰਘ ਦਾ ਜਨਮ ਚੜ੍ਹਦੇ ਪੰਜਾਬ ਦੇ ਮਾਲਵੇ ਖੇਤਰ ਵਿਚਲੇ ਸ਼ਹਿਰ ਜਗਰਾਓਂ ਵਿਖੇ 20 ਮਈ, 1932 ਨੂੰ ਮਾਤਾ ਭਾਗਵੰਤੀ ਅਤੇ ਪਿਤਾ ਅਨੰਤ ਰਾਮ ਦੇ ਘਰ ਹੋਇਆ। ਉਨ੍ਹਾਂ ਮੁਢਲੀ ਸਿੱਖਿਆ ਸੰਗਰੂਰ ਜ਼ਿਲ੍ਹੇ ਦੇ ਅਹਿਮਦਗੜ੍ਹ ਕਸਬੇ ਤੋਂ ਗ੍ਰਹਿਣ ਕੀਤੀ। 1953 ਵਿਚ ਲੁਧਿਆਣਾ ਦੇ ਸਰਕਾਰੀ ਕਾਲਜ ਤੋਂ ਗ੍ਰੈਜੁਏਸ਼ਨ ਦੀ ਪੜ੍ਹਾਈ ਮੁਕੰਮਲ ਹੋਣ ਉਪਰੰਤ, ਉਨ੍ਹਾਂ ਕਲਕੱਤਾ ਦੇ ਭਵਾਨੀਪੁਰ ਵਿਖੇ ਸਥਿਤ ਖਾਲਸਾ ਹਾਈ ਸਕੂਲ ਵਿਚ ਪੜਾਉਣਾ ਸ਼ੁਰੂ ਕਰ ਦਿੱਤਾ। ਇਸ ਅਧਿਆਪਨ ਦੇ ਦੌਰਾਨ ਹੀ ਉਨ੍ਹਾਂ ਕਲਕੱਤਾ ਯੂਨੀਵਰਸਿਟੀ ਤੋਂ ਐੱਮ. ਐੱਸਸੀ. (ਭੂਗੋਲ) ਅਤੇ ਬੀ. ਟੀ. (ਜਿਸਨੂੰ ਹੁਣ ਬੀ. ਐੱਡ. ਕਿਹਾ ਜਾਂਦਾ ਹੈ) ਦੀ ਪੜ੍ਹਾਈ ਪੂਰੀ ਕੀਤੀ। ਇਸ ਤੋਂ ਬਾਅਦ ਉਹ ਮੁੜ ਪੰਜਾਬ ਵੱਲ ਪਰਤੇ ਅਤੇ ਮਾਲਵਾ ਟਰੇਨਿੰਗ ਕਾਲਜ, ਲੁਧਿਆਣਾ ਵਿਚ ਬਤੌਰ ਅਧਿਆਪਕ ਨਿਯੁਕਤ ਹੋ ਗਏ।

ਇਟਲੀ ਅਤੇ ਫਰਾਂਸ ਦੇ ਰਸਤੇ ਰਾਹੀਂ ਜਸਵੰਤ ਸਿੰਘ 1960 ਵਿਚ ਇੰਗਲੈਂਡ ਪਹੁੰਚੇ, ਜਿੱਥੇ ਉਨ੍ਹਾਂ 1964 ਵਿਚ ਕੈਨੇਡਾ ਜਾਣ ਤੋਂ ਪਹਿਲਾਂ ਪੂਰਬੀ ਲੰਡਨ ਵਿਚ ਤਿੰਨ ਸਾਲ ਲਈ ਪੜਾਇਆ। ਕੈਨੇਡਾ ਦੀ ਐਲਬਰਟਾ ਯੂਨੀਵਰਸਿਟੀ ਤੋਂ ਭੂਗੋਲ ਦੀ ਗ੍ਰੈਜੁਏਸ਼ਨ ਡਿਗਰੀ ਦੌਰਾਨ ਉਨ੍ਹਾਂ ਕੈਨੇਡਾ ਦੇ ਪੱਛਮੀ ਪ੍ਰਾਂਤ ਐਲਬਰਟਾ ਦੇ ਸਿਲਵਰ ਲੇਕ ਅਤੇ ਐਡਮਿੰਟਨ ਵਿਚਲੇ ਵਿਦਿਅਕ ਅਦਾਰਿਆਂ ਵਿਚ ਸਮਾਜਿਕ ਸਿੱਖਿਆ ਅਤੇ ਕੈਨੇਡੀਅਨ ਇਤਿਹਾਸ ਪੜ੍ਹਾਇਆ। ਸੰਨ 1970 ਵਿਚ ਵੈੱਸਟਰਨ ਮਿਸ਼ੀਗਨ ਯੂਨੀਵਰਸਿਟੀ, ਕਾਲਾਮਾਜ਼ੂ (ਮਿਸ਼ੀਗਨ) ਤੋਂ ਸਕਾਲਰਸ਼ਿਪ ਮਿਲਣ ਉਪਰੰਤ ਉਹ ਯੂ. ਐੱਸ. ਏ. ਪਹੁੰਚ ਗਏ। ਓਥੇ ਮਿਸ਼ੀਗਨ ਵਿਚ ਰਹਿੰਦਿਆਂ ਉਨ੍ਹਾਂ ਲਾਇਬ੍ਰੇਰੀ ਵਿਗਿਆਨ ਵਿਚ ਪੋਸਟ ਗ੍ਰੈਜੁਏਟ ਤੇ ਪੀਐੱਚ. ਡੀ. ਦੀਆਂ ਉੱਚ-ਅਕਾਦਮਿਕ ਡਿਗਰੀਆਂ ਹਾਸਲ ਕੀਤੀਆਂ। ਓਥੇ ਲਾਇਬ੍ਰੇਰੀ ਵਰਗੀਕਰਨ ਦੇ ਜਗਤ ਦੀ ਪ੍ਰਸਿੱਧ ਹਸਤੀ, ਡਾ. ਜੌਹਨ ਪੀ. ਕੌਮਾਰੋਮੀ (1937-1991) ਉਨ੍ਹਾਂ ਦੇ ਅਧਿਆਪਕ ਸਨ।

ਸਾਲ 1971 ਵਿਚ ਲਾਇਬ੍ਰੇਰੀ ਵਿਗਿਆਨ ਦੀ ਮਾਸਟਰ ਡਿਗਰੀ ਪ੍ਰਾਪਤ ਕਰਨ ਉਪਰੰਤ ਜਸਵੰਤ ਸਿੰਘ ਨੇ ਮਿਸ਼ੀਗਨ ਦੇ ਆਨਟੌਨਆਗਨ ਪਬਲਿਕ ਸਕੂਲਾਂ ਵਿਚ ਬਤੌਰ ਲਾਇਬ੍ਰੇਰੀਅਨ ਸੇਵਾਵਾਂ ਨਿਭਾਈਆਂ। 1975 ਵਿਚ ਉਹ ਮਿਸ਼ੀਗਨ ਦੇ ਉਸ ਰਿਜ਼ੀਨਲ ਐਜੂਕੇਸ਼ਨਲ ਮੀਡੀਆ ਸੈਂਟਰ ਦੇ ਨਿਰਦੇਸ਼ਕ ਬਣੇ, ਜਿਸ ਦੇ ਖੇਤਰ ਅਧੀਨ 24 ਜ਼ਿਲਿਆਂ ਦੇ ਸਕੂਲ ਆਉਂਦੇ ਸਨ। ਇਸ ਆਦਰਯੋਗ ਅਹੁਦੇ ਦੌਰਾਨ ਹੀ ਉਨ੍ਹਾਂ ਵੈਸਟਰਨ ਮਿਸ਼ੀਗਨ ਯੂਨੀਵਰਸਿਟੀ ਤੋਂ 1982 ਵਿਚ ਪੀਐੱਚ. ਡੀ. (ਸਿੱਖਿਆ) ਦੀ ਡਿਗਰੀ ਪ੍ਰਾਪਤ ਕੀਤੀ। ਪੱਕੇ ਤੌਰ 'ਤੇ ਵੱਸਣ ਦੇ ਇਰਾਦੇ ਨਾਲ ਉਹ ਪਰਿਵਾਰ ਸਮੇਤ 1983 ਵਿਚ ਪੰਜਾਬ ਨੂੰ ਪਰਤੇ। 1984 ਵਿਚ ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿੱਖਿਆ ਵਿਭਾਗ ਵਿਚ ਬਤੌਰ ਰੀਡਰ ਨਿਯੁਕਤ ਹੋਏ, ਜਿੱਥੇ ਉਨ੍ਹਾਂ ਅਗਸਤ 1986 ਤਕ ਆਪਣੀਆਂ ਸੇਵਾਵਾਂ ਦਿੱਤੀਆਂ। ਇਸ ਤੋਂ ਬਾਅਦ ਉਹ ਮਿਸ਼ੀਗਨ ਸੂਬੇ ਦੇ ਲੈਨਸਿੰਗ ਸ਼ਹਿਰ ਵਿਚ 1986 ਨੂੰ ਵਾਪਸ ਪਰਤ ਗਏ। ਸਤੰਬਰ 1986 ਤੋਂ ਫਰਵਰੀ 1999 ਤਕ ਉਨ੍ਹਾਂ ਨੇ ਮਿਸ਼ੀਗਨ ਦੇ ਗਰੈਂਡ ਲੈੱਜ ਵਿਚਲੇ ਲੈੱਜ ਪਬਲਿਕ ਸਕੂਲਾਂ ਵਿਚ ਲਾਇਬ੍ਰੇਰੀਅਨ ਦੇ ਤੌਰ 'ਤੇ ਕੰਮ ਕੀਤਾ। ਉਹ ਦੋ ਸਾਲ ਸਟੇਟ ਮੀਡੀਆ ਐਸੋਸੀਏਸ਼ਨ ਦੇ ਪ੍ਰਧਾਨ ਵੀ ਰਹੇ। ਸਿੱਖਿਆ ਦੇ ਖੇਤਰ ਵਿਚ ਉਨ੍ਹਾਂ ਵੱਲੋਂ ਪਾਏ ਅਹਿਮ ਯੋਗਦਾਨ ਨੂੰ ਪਛਾਣਦਿਆਂ ਮਿਸ਼ੀਗਨ ਐਜੂਕੇਸ਼ਨ ਐਸੋਸੀਏਸ਼ਨ ਨੇ ਉਨ੍ਹਾਂ ਨੂੰ ਏਲਜ਼ਾਬੈੱਥ ਸਿੱਡਲ ਖਿਤਾਬ ਨਾਲ ਨਿਵਾਜਿਆ। ਇਸ ਖਿਤਾਬ ਦੇ ਨਾਲ-ਨਾਲ ਉਹ ਸੰਯੁਕਤ ਰਾਸ਼ਟਰ ਸੰਘ ਦੇ ਲੋਏ ਲਾਸਾਲ ਅਵਾਰਡ ਦੇ ਵੀ ਧਾਰਨੀ ਬਣੇ ਸਨ।

ਪੰਜਾਬ ਦੇ ਪੇਂਡੂ ਖੇਤਰਾਂ ਵਿਚ ਲੋਕ ਲਾਇਬ੍ਰੇਰੀ ਸੇਵਾਵਾਂ ਨੂੰ ਸਥਾਪਿਤ ਕਰਨ ਦੇ ਮੱਦੇਨਜ਼ਰ ਡਾ. ਜਸਵੰਤ ਸਿੰਘ ਸੇਵਾ ਮੁਕਤ ਹੋ ਗਏ। ਦਿਹਾਤੀ ਖੇਤਰਾਂ ਵਿਚ ਲੋਕ ਲਾਇਬ੍ਰੇਰੀ ਸੇਵਾਵਾਂ ਦੀ ਜ਼ਮੀਨੀ ਹਕੀਕਤ ਨੂੰ ਜਾਨਣ ਤੋਂ ਬਾਅਦ ਉਨ੍ਹਾਂ ਲੁਧਿਆਣਾ ਜ਼ਿਲ੍ਹੇ ਦੇ ਜੁੜਾਹਾਂ, ਫੱਲੇਵਾਲ, ਤੇ ਰੰਗੂਵਾਲ ਪਿੰਡਾਂ ਲਈ ਨਵੰਬਰ 2003 ਨੂੰ ਇਕ ਬੱਸ ਵਿਚ ਮੋਬਾਈਲ ਲਾਇਬ੍ਰੇਰੀ ਦੀ ਸ਼ੁਰੂਆਤ ਕੀਤੀ, ਜਿਸਨੂੰ ਪਹੀਆਂ ਵਾਲੀ ਲਾਇਬ੍ਰੇਰੀ ਵੀ ਕਿਹਾ ਜਾਂਦਾ ਸੀ। ਪੁਸਤਕਾਂ ਪ੍ਰਤੀ ਬੱਚਿਆਂ ਦੀ ਦਿਲਚਸਪੀ ਨੂੰ ਵੇਖਿਦਿਆਂ ਇਸ ਮੋਬਾਈਲ ਲਾਇਬ੍ਰੇਰੀ ਦੀ ਸੇਵਾ ਪੱਖੋਵਾਲ ਤਹਿਸੀਲ ਦੇ ਗੁੱਜਰਵਾਲ, ਕਾਲਖ਼, ਤੇ ਧੂਲਕੋਟ ਪਿੰਡਾਂ ਤਕ ਵਧਾ ਦਿੱਤੀ ਗਈ ਸੀ। ਜਿਕਰਯੋਗ ਹੈ ਕਿ ਉਕਤ ਲਾਇਬ੍ਰੇਰੀ ਦੇ ਲੱਗਭੱਗ 1500 ਸਰਗਰਮ ਮੈਂਬਰ ਸਨ। ਇਸ ਅਮਰੀਕਨ-ਮਾਡਲ ਲਾਇਬ੍ਰੇਰੀ ਦੀਆਂ ਸੇਵਾਵਾਂ ਉਪਰੋਕਤ ਪਿੰਡਾਂ ਦੇ ਵਸਨੀਕਾਂ ਲਈ ਬਿਲਕੁਲ ਮੁਫਤ ਸਨ ਅਤੇ ਇਹ ਬਗੈਰ ਕਿਸੇ ਭੇਦਭਾਵ ਦੇ ਨਿਰਪੱਖ ਤਰੀਕੇ ਪ੍ਰਦਾਨ ਕੀਤੀਆਂ ਜਾਂਦੀਆਂ ਸਨ। 26 ਫੁੱਟ ਲੰਮੀ ਇਸ ਏਅਰ-ਕੰਡੀਸ਼ਨਡ ਬੱਸ ਵਿਚ ਵੱਖ-ਵੱਖ ਵਿਸ਼ਿਆਂ ਉੱਤੇ ਰੰਗਦਾਰ ਤਸਵੀਰਾਂ ਸਮੇਤ ਲਗਭਗ 3000 ਪੁਸਤਕਾਂ ਅਤੇ ਬਾਲ-ਰਸਾਲੇ ਮੌਜੂਦ ਸਨ। ਬੱਸ ਵਿਚ ਬੈਠਣ ਲਈ ਪਾਠਕਾਂ ਵਾਸਤੇ ਫੋਲਡਿੰਗ ਕੁਰਸੀਆਂ ਦਾ ਪ੍ਰਬੰਧ ਸੀ। ਹਰੇਕ ਉਕਤ ਪਿੰਡ ਵਿਚ ਇਹ ਬੱਸ ਤਕਰੀਬਨ ਇਕ ਘੰਟਾ ਰੁਕਦੀ ਸੀ ਤਾਂ ਜੋ ਪਾਠਕ ਅਸਾਨੀ ਨਾਲ ਕਿਤਾਬਾਂ ਨੂੰ ਫਰੋਲ/ਪੜ੍ਹ ਸਕਣ। ਇਸ ਲਾਇਬ੍ਰੇਰੀ ਸਦਕਾ ਹੀ ਡਾ. ਜਸਵੰਤ ਸਿੰਘ ਨੇ ਪੰਜਾਬ ਵਿਚ ਇਸ ਭਰਮ ਨੂੰ ਤੋੜਿਆ ਕਿ ਬੱਚੇ ਕਿਤਾਬਾਂ ਨਹੀਂ ਪੜ੍ਹਦੇ। ਇਕ ਵਾਰ ਕਿਸੇ ਪਿੰਡ ਦੇ ਇਕ ਬਜ਼ੁਰਗ ਨੇ ਆਖਿਆ ਸੀ ਕਿ ਪਹੀਆਂ ਵਾਲੀ ਲਾਇਬ੍ਰੇਰੀ ਨੇ ਨਵੇਂ ਪੋਚ ਅੰਦਰ ਚੰਗੇਰੀਆਂ ਪੁਸਤਕਾਂ ਪੜ੍ਹਨ ਦੀ ਇਕ ਨਵੀਂ ਰੂਹ ਫੂਕ ਦਿੱਤੀ ਹੈ। ਇਹ ਮੋਬਾਈਲ ਲਾਇਬ੍ਰੇਰੀ ਅਨੰਤ ਮੈਮੋਰੀਅਲ ਚੈਰੀਟੇਬਲ ਟਰੱਸਟ (ਰਜਿ.), ਜੁੜਾਹਾਂ ਅਤੇ ਅਨੰਤ ਐਜੂਕੇਸ਼ਨ ਐਂਡ ਰੂਰਲ ਡਿਵਲਪਮੈਂਟ ਫਾਉਂਡੇਸ਼ਨ, ਯੂ. ਐੱਸ. ਏ. ਦੇ ਸਾਂਝੇ ਸਹਿਯੋਗ ਨਾਲ ਚਲਾਈ ਜਾਂਦੀ ਸੀ। 40 ਲੱਖ ਦੀ ਲਾਗਤ ਵਾਲੀ ਇਹ ਬੱਸ-ਲਾਇਬ੍ਰੇਰੀ ਮਾਰਚ 2009 ਤਕ ਲੁਧਿਆਣੇ ਜ਼ਿਲ੍ਹੇ ਦੇ ਪੇਂਡੂ ਖੇਤਰਾਂ ਵਿਚ ਪੁਸਤਕ ਸੱਭਿਆਚਾਰ ਨੂੰ ਉੱਨਤ ਕਰਦੀ ਰਹੀ।

ਅੰਤ, ਇਹ ਮਹਾਨ-ਕਾਰਜ ਕਰਨ ਵਾਲੀ ਵਾਹਨ (ਮੋਬਾਈਲ ਲਾਇਬ੍ਰੇਰੀ ਬੱਸ) ਅੰਨ੍ਹੀ-ਬੋਲ਼ੀ ਨੌਕਰਸ਼ਾਹੀ ਦੁਆਰਾ ਦੂਜੇ ਵਪਾਰਿਕ ਵਾਹਨਾਂ ਵਾਂਗ ਲਾਏ ਭਾਰੀ ਵਾਹਨ-ਕਰ ਕਾਰਨ ਸਦਾ ਲਈ ਬੰਦ ਕਰ ਦਿੱਤੀ ਗਈ। ਇਸ ਘਟਨਾ ਤੋਂ ਨਿਰਾਸ਼ ਹੋ ਕੇ ਬਾਅਦ ਡਾ. ਜਸਵੰਤ ਸਿੰਘ ਨੇ ਆਪਣੇ ਪਿੰਡ ਜੁੜਾਹਾਂ ਵਿਚ ਪੱਕੇ ਤੌਰ 'ਤੇ ਲੋਕ ਲਾਇਬ੍ਰੇਰੀ ਬਣਾਉਣ ਦਾ ਫੈਸਲਾ ਕਰ ਲਿਆ ਸੀ। ਸਾਲ 2010 ਵਿਚ ਅਨੰਤ ਮੈਮੋਰੀਅਲ ਚੈਰੀਟੇਬਲ ਟਰੱਸਟ ਵੱਲੋਂ ਆਧੁਨਿਕ ਦਿੱਖ ਅਤੇ ਸਾਜੋ-ਸਮਾਨ ਨਾਲ ਲੈਸ ਇਕ ਨਵੀਂ ਲੋਕ ਲਾਇਬ੍ਰੇਰੀ ਇਮਾਰਤ ਦੀ ਉਸਾਰੀ ਕੀਤੀ ਗਈ, ਜਿਸ ਨੂੰ ਉਨ੍ਹਾਂ ਆਪਣੀ ਮਰਹੂਮ ਮਾਤਾ ਭਾਗਵੰਤੀ ਦਾ ਨਾਂ ਦਿੱਤਾ। ਚਾਰ ਹਜ਼ਾਰ ਦੇ ਕਰੀਬ ਪੁਸਤਕ ਸੰਗ੍ਰਹਿ ਵਾਲੀ ਇਹ ਭਾਗਵੰਤੀ ਯਾਦਗਾਰੀ ਪਬਲਿਕ ਲਾਇਬ੍ਰੇਰੀ ਅੱਜ ਵੀ ਜੁੜਾਹਾਂ ਸਮੇਤ ਨੇੜਲੇ ਪਿੰਡਾਂ ਦੇ ਲੋਕਾਂ ਦੀਆਂ ਸੂਚਨਾਤਮਿਕ ਲੋੜਾਂ ਦੀ ਪੂਰਤੀ ਕਰਦਿਆਂ ਸਾਖਰਤਾ ਸੁਧਾਰ ਦੇ ਨਾਲ-ਨਾਲ ਪੁਸਤਕਾਂ ਪੜ੍ਹਨ ਦੀ ਜਾਗ ਲਾ ਰਹੀ ਹੈ। ਇਸ ਤੋਂ ਇਲਾਵਾ ਇਸ ਲਾਇਬ੍ਰੇਰੀ ਵਿਚ ਆਧੁਨਿਕ ਕੁਸ਼ਲਤਾਵਾਂ ਨੂੰ ਬੜਾਵਾ ਦੇਣ ਲਈ ਇਕ ਛੋਟਾ ਹੁਨਰ ਵਿਕਾਸ ਕੇਂਦਰ (ਸਕਿਲ ਡਿਵਲਪਮੈਂਟ ਸੈਂਟਰ) ਵੀ ਹੈ। ਉਪਰੋਕਤ ਸਾਰੇ ਕੰਮਾਂ ਵਿਚ ਡਾ. ਜਸਵੰਤ ਸਿੰਘ ਦੀ ਧਰਮ ਪਤਨੀ ਸ੍ਰੀ ਮਤੀ ਜਸਜੀਤ ਕੌਰ ਵੀ ਵੱਧ-ਚੜ੍ਹ ਕੇ ਹਿੱਸਾ ਲਿਆ ਕਰਦੇ ਸਨ।

ਪੰਜਾਬ ਵਿਚ ਸਾਖਰਤਾ ਅਤੇ ਪੁਸਤਕ ਸੱਭਿਆਚਾਰ ਨੂੰ ਵਿਕਸਤ ਕਰਨ ਲਈ ਡਾ. ਜਸਵੰਤ ਸਿੰਘ ਨੇ ਹਮ-ਖਿਆਲੀਏ ਪ੍ਰਵਾਸੀ ਪੰਜਾਬੀਆਂ ਨੂੰ ਆਪਣੇ-ਆਪਣੇ ਪਿੰਡਾਂ ਵਿਚ 'ਭਾਗਵੰਤੀ ਯਾਦਗਾਰੀ ਪਬਲਿਕ ਲਾਇਬ੍ਰੇਰੀ' ਦੀ ਤਰਜ ਉੱਤੇ ਪੇਂਡੂ ਲੋਕ ਲਾਇਬ੍ਰੇਰੀਆਂ ਸਥਾਪਿਤ ਕਰਨ ਲਈ ਪ੍ਰੇਰਿਆ ਸੀ। ਇਸ ਦੇ ਨਾਲ-ਨਾਲ ਉਨ੍ਹਾਂ ਇਨ੍ਹਾਂ ਭਵਿੱਖਤ ਲਾਇਬ੍ਰੇਰੀਆਂ ਦੀਆਂ ਨਵੀਆਂ ਇਮਾਰਤਾਂ ਬਣਾਉਣ ਵਿਚ ਮਾਰਗ-ਦਰਸ਼ਨ ਕਰਨ ਦੀ ਇੱਛਾ ਵੀ ਜ਼ਾਹਿਰ ਕੀਤੀ ਸੀ। ਇਸ ਦੇ ਨਤੀਜੇ ਵਜੋਂ ਨਵੰਬਰ 2011 ਵਿਚ ਮੋਗੇ ਜ਼ਿਲ੍ਹੇ ਦੇ ਲੋਪੋਂ ਪਿੰਡ ਵਿਚ 'ਲੋਪੋਂ ਪਬਲਿਕ ਲਾਇਬ੍ਰੇਰੀ' ਦੀ ਇਮਾਰਤ ਹੋਂਦ ਵਿਚ ਆਈ। ਇਹ ਪੇਂਡੂ ਲੋਕ ਲਾਇਬ੍ਰੇਰੀ ਡਾ. ਜਸਵੰਤ ਸਿੰਘ ਦੇ ਕਰੀਬੀ ਸੱਜਣ, ਇੰਜ. ਬਲਦੇਵ ਸਿੰਘ ਧਾਲੀਵਾਲ ਦੁਆਰਾ ਸਥਾਪਿਤ ਕੀਤੀ ਗਈ ਹੈ। ਇਹ ਲਾਇਬ੍ਰੇਰੀ ਬੂਟਾ ਸਿੰਘ ਠੇਕੇਦਾਰ ਚੈਰੀਟੇਬਲ ਟਰੱਸਟ (ਰਜਿ.), ਲੋਪੋਂ ਦੇ ਸਹਿਯੋਗ ਨਾਲ ਲਹਿਰਾਉਂਦੇ ਖੇਤਾਂ ਤੇ ਵੇਲ-ਬੂਟਿਆਂ ਸੰਗ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਹੀ ਹੈ। ਇਸ ਲਾਇਬ੍ਰੇਰੀ ਦੀ ਇਮਾਰਤ ਇਕ ਯੋਜਨਾਬੱਧ ਨਕਸ਼ੇ 'ਤੇ ਅਧਾਰਤ ਹੈ, ਜਿਸ ਨੂੰ ਗਰੀਨ ਬਿਲਡਿੰਗ ਦਾ ਨਾਂ ਦਿੱਤਾ ਗਿਆ ਹੈ। ਬੱਚਿਆਂ ਵਿਚ ਸਾਹਿਤ ਦੀ ਚੇਟਕ ਲਾਉਣ ਲਈ ਇਹ ਲਾਇਬ੍ਰੇਰੀ ਅਨੇਕਾਂ ਕਿਸਮਾਂ ਦੇ ਕਾਰਜਕ੍ਰਮ ਨਿਭਾਉਂਦੀ ਹੈ, ਜਿਵੇਂ ਕਿ, ਬਾਲ ਮੇਲਾ, ਕਵੀ ਦਰਬਾਰ, ਤੇ ਪੁਸਤਕ ਪ੍ਰਦਰਸ਼ਨੀਆਂ। ਅਜਿਹੀ ਇਕ ਵੱਡੀ ਲਾਇਬ੍ਰੇਰੀ ਪਿੰਡ ਸੰਗ ਢੇਸੀਆਂ (ਨਵਾਂ ਸ਼ਹਿਰ) ਵਿਖੇ ਪ੍ਰਵਾਸੀ ਪੰਜਾਬੀ, ਜੋਗਿੰਦਰ ਕਲਸੀ ਦੁਆਰਾ ਸਾਲ 2009 ਵਿਚ ਸ਼ੁਰੂ ਕੀਤੀ ਗਈ ਸੀ, ਜਿਸ ਦਾ ਨਾਂ 'ਬਾਬਾ ਸੰਗ ਪਬਲਿਕ ਲਾਇਬ੍ਰੇਰੀ' ਹੈ। ਇਸ ਲਾਇਬ੍ਰੇਰੀ ਦੀ ਇਕ ਖਾਸੀਅਤ ਇਹ ਹੈ ਕਿ ਇਸ ਵਿਚ ਮਹੱਤਵਪੂਰਨ ਪੁਸਤਕਾਂ ਤੇ ਬਾਲ ਰਸਾਲਿਆਂ ਤੋਂ ਇਲਾਵਾ ਪੰਜਾਬੀ ਵਿਰਸੇ ਨਾਲ ਸਬੰਧਿਤ ਪੁਰਾਤਨ ਵਸਤਾਂ ਸਾਂਭੀਆਂ ਪਈਆਂ ਹਨ। ਇਸ ਤੋਂ ਇਲਾਵਾ ਇਸੇ ਹੀ ਵਰ੍ਹੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰੌਣੀ ਵਿਖੇ ਸੁਰਿੰਦਰ ਬਿਨੇਪਾਲ (ਟਰੰਟੋ) ਵੱਲੋਂ 'ਬਾਬਾ ਸੱਜਣ ਸਿੰਧ ਪਬਲਿਕ ਲਾਇਬ੍ਰੇਰੀ ਤੇ ਕੰਪਿਊਟਰ ਸੈਂਟਰ' ਸਥਾਪਿਤ ਕੀਤਾ ਗਿਆ, ਜਿਸ ਦੀ ਦੇਖ-ਰੇਖ ਜ. ਅਜੈਬ ਸਿੰਘ ਮੈਮੋਰੀਅਲ ਟਰੱਸਟ (ਰਜਿ.), ਰੌਣੀ ਕਰ ਰਿਹਾ ਹੈ।

ਉਪਰੋਕਤ ਲਾਇਬ੍ਰੇਰੀਆਂ ਤੋਂ ਇਲਾਵਾ ਪੰਜਾਬ ਦੇ ਹੋਰ ਕਈ ਖਿੱਤਿਆਂ ਵਿਚ ਨਵੀਆਂ ਪੇਂਡੂ ਲੋਕ ਲਾਇਬ੍ਰੇਰੀਆਂ ਵੇਖ ਕੇ ਸੁਖਦ ਅਹਿਸਾਸ ਹੁੰਦਾ ਹੈ। ਇਹਨਾਂ ਵਿਚ ਸਭ ਤੋਂ ਪਹਿਲੀ ਲਾਇਬ੍ਰੇਰੀ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਲਤਾਲਾ ਵਿਚ ਕੁਝ ਨੌਜਵਾਨਾਂ ਨੇ ਪੰਚਾਇਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੇ ਬਿਲਕੁੱਲ ਨੇੜੇ ਦੇਸ਼-ਭਗਤਾਂ ਦੇ ਨਾਂ 'ਤੇ 2011 ਵਿਚ ਸਥਾਪਿਤ ਕੀਤੀ, ਜਿਸ ਨੂੰ 'ਅਮਰ ਸ਼ਹੀਦ ਪਬਲਿਕ ਲਾਇਬ੍ਰੇਰੀ' ਕਿਹਾ ਜਾਂਦਾ ਹੈ। ਦੂਜੀ ਭਾਈ ਘਨੱਈਆ ਜੀ ਵੈੱਲਫੇਅਰ ਸੁਸਾਇਟੀ (ਰਜਿ.), ਪੱਖੋਵਾਲ ਵੱਲੋਂ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਪੱਖੋਵਾਲ ਵਿਖੇ 'ਮਾਸਟਰ ਕਰਨੈਲ ਸਿੰਘ ਗਰੇਵਾਲ ਯਾਦਗਾਰੀ ਪਬਲਿਕ ਲਾਇਬ੍ਰੇਰੀ' ਨਾਂ ਹੇਠ 1997 ਵਿਚ ਸਥਾਪਿਤ ਕੀਤੀ ਗਈ ਅਤੇ ਤੀਜੀ ਚੱਕ ਭਾਈਕਾ (ਲੁਧਿਆਣਾ) ਵਿਖੇ ਸਥਿਤ 'ਸੁੰਦਰ ਮੈਮੋਰੀਅਲ ਪਬਲਿਕ ਲਾਇਬ੍ਰੇਰੀ' (2012) ਹੈ। ਡਾ. ਜਸਵੰਤ ਸਿੰਘ ਦੁਆਰਾ ਪਿੰਡ-ਪਿੰਡ ਲੋਕ ਲਾਇਬ੍ਰੇਰੀਆਂ ਸਥਾਪਤ ਕਰਨ ਦੀ ਇਸ ਲਹਿਰ ਦੇ ਪ੍ਰਭਾਵ ਅਧੀਨ ਅੰਮ੍ਰਿਤਸਰ ਦੇ ਠੇਕੇਦਾਰ ਬਿਸ਼ਨ ਸਿੰਘ ਹੰਸਪਾਲ ਪਬਲਿਕ ਚੈਰੀਟੇਬਲ ਟਰੱਸਟ ਨੇ ਸਾਲ 2010 ਵਿਚ ਅੰਮ੍ਰਿਤਸਰ ਦੇ ਸਰਹੱਦੀ ਪਿੰਡਾਂ ਦੇ ਪੰਜ ਮੁੱਢਲੇ ਸਕੂਲਾਂ ਵਿਚ ਲਾਇਬ੍ਰੇਰੀਆਂ ਦੀ ਉਸਾਰੀ ਕਰਵਾਈ। ਇਹ ਲਾਇਬ੍ਰੇਰੀਆਂ ਸਕੂਲੀ ਬੱਚਿਆਂ ਦੇ ਨਾਲ-ਨਾਲ ਪਿੰਡਾਂ ਦੇ ਵਸਨੀਕਾਂ ਲਈ ਹਮੇਸ਼ਾ ਖੁੱਲ੍ਹੀਆਂ ਰਹਿੰਦੀਆਂ ਹਨ। ਇਹ ਪੇਂਡੂ ਲੋਕ ਲਾਇਬ੍ਰੇਰੀਆਂ ਇੰਟਰਨੈੱਟ ਸਹੂਲਤ ਸਮੇਤ ਆਧੁਨਿਕ ਸਾਜੋ-ਸਮਾਨ ਨਾਲ ਭਰਪੂਰ ਹਨ। ਹਰੇਕ ਲਾਇਬ੍ਰੇਰੀ ਵਿਚ ਹੁਨਰ ਵਿਕਾਸ ਕੇਂਦਰ ਵੀ ਮੌਜੂਦ ਹੈ, ਜੋ ਕਿ ਲਾਇਬ੍ਰੇਰੀ ਦੇ ਅਨਿਖੜਵੇਂ ਅੰਗ ਵਜੋਂ ਸਦਾ ਕਾਰਜਸ਼ੀਲ ਹੈ। ਅਗਸਤ 2012 ਵਿਚ ਇਨ੍ਹਾਂ ਲਾਇਬ੍ਰੇਰੀਆਂ ਨੇ ਦੋ-ਭਾਸ਼ੀ (ਅੰਗਰੇਜ਼ੀ-ਪੰਜਾਬੀ) ਰਸਾਲਾ, 'ਪੰਜਾਬ ਦਿਹਾਤੀ ਲਾਇਬ੍ਰੇਰੀ ਮੈਗਜ਼ੀਨ' ਪ੍ਰਕਾਸ਼ਿਤ ਕਰਨ ਦੀ ਸ਼ੁਰੂਆਤ ਕੀਤੀ ਸੀ। ਇਨ੍ਹਾਂ ਦਿਹਾਤੀ ਲੋਕ ਲਾਇਬ੍ਰੇਰੀਆਂ ਅਤੇ ਉਨ੍ਹਾਂ ਦੇ ਹੁਨਰ ਵਿਕਾਸ ਕੇਂਦਰਾਂ ਨੇ ਪਿੰਡਾਂ ਦੇ ਲੋਕਾਂ, ਖ਼ਾਸ ਕਰਕੇ ਜਵਾਨ ਲੜਕੀਆਂ ਨੂੰ ਸਿੱਖਿਅਤ ਕਰਨ ਦੇ ਨਾਲ-ਨਾਲ ਰੋਜ਼ਗਾਰ ਦੇ ਅਨੇਕਾਂ ਨਵੇਂ ਢੰਗ ਵੀ ਸਿਖਾਏ ਹਨ, ਜਿਸ ਨਾਲ ਉਹ ਸਮਾਜ ਵਿਚ ਸਵੈਮਾਨ ਦੀ ਜ਼ਿੰਦਗੀ ਬਤੀਤ ਕਰ ਰਹੀਆਂ ਹਨ। ਜੇ ਅਜਿਹਾ ਨਾ ਹੁੰਦਾ ਤਾਂ ਉਹ ਅੱਜ ਵੀ ਜ਼ਿਮੀਂਦਾਰ ਘਰਾਂ ਵਿਚ ਘੱਟ ਰੇਟਾਂ 'ਤੇ ਗੋਹਾ-ਕੂੜਾ ਕਰਦੀਆਂ ਸ਼ੋਸ਼ਤ ਹੋ ਰਹੀਆਂ ਹੁੰਦੀਆਂ।

ਡਾ. ਜਸਵੰਤ ਸਿੰਘ ਤੇ ਪ੍ਰਵਾਸੀ ਪੰਜਾਬੀਆਂ ਨੇ ਪੰਜਾਬ ਦੇ ਦਿਹਾਤੀ ਖੇਤਰਾਂ ਵਿਚ ਲਾਇਬ੍ਰੇਰੀਆਂ ਅਤੇ ਸਾਖਰਤਾ ਦੇ ਵਿਕਾਸ ਲਈ ਅਨੇਕਾਂ ਸਾਰਥਕ ਕਾਰਜ ਕੀਤੇ ਹਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਲੋਕ ਓਨਾ ਚਿਰ ਤਕ ਪੜ੍ਹਨ ਨੂੰ ਤਰਜ਼ੀਹ ਨਹੀਂ ਦੇਣਗੇ, ਜਿੰਨੀ ਦੇਰ ਤਕ ਉਨ੍ਹਾਂ ਨੂੰ ਲਾਇਬ੍ਰੇਰੀਆਂ ਅਤੇ ਕਿਤਾਬਾਂ ਨਾਲ ਜੋੜਿਆ ਨਹੀਂ ਜਾਂਦਾ। ਇਹ ਜੋੜ ਪੰਜਾਬ ਦੀ ਧਰਤੀ 'ਤੇ ਅਲੋਪ ਹੈ ਅਤੇ ਇਸ ਵਿਚ ਸਮੇਂ ਦੀਆਂ ਸਰਕਾਰਾਂ ਦੀ ਵੀ ਕੋਈ ਦਿਲਚਸਪੀ ਨਹੀਂ ਹੈ। ਡਾ. ਜਸਵੰਤ ਸਿੰਘ ਨੇ ਯੂ. ਐੱਸ. ਏ. ਦੀਆਂ ਯੂਨੀਵਰਸਿਟੀਆਂ ਤੋਂ ਦੋ ਉਚ-ਅਕਾਦਮਿਕ ਡਿਗਰੀਆਂ (ਪੀਐੱਚ. ਡੀ.) ਹਾਸਲ ਕੀਤੀਆਂ ਸਨ: ਇਕ ਸਿੱਖਿਆ ਦੇ ਖੇਤਰ ਵਿਚ ਅਤੇ ਦੂਜੀ ਲਾਇਬ੍ਰੇਰੀ ਵਿਗਿਆਨ ਦੇ। ਇਸ ਤੋਂ ਇਲਾਵਾ ਉਨ੍ਹਾਂ ਕੋਲ ਪੜ੍ਹਾਉਣ ਅਤੇ ਲਾਇਬ੍ਰੇਰੀ ਸੇਵਾਵਾਂ ਪ੍ਰਦਾਨ ਕਰਨ ਦਾ ਸਾਲਾਂ-ਬੱਧੀ ਤਜਰਬਾ ਸੀ, ਜਿਸ ਕਾਰਨ ਉਨ੍ਹਾਂ ਨੂੰ ਪੰਜਾਬ ਵਿਚ ਨਿੱਘਰਦੀ ਜਾ ਰਹੀ ਸਿੱਖਿਆ, ਪੁਸਤਕਾਂ ਨਾ ਪੜ੍ਹਨ ਦੇ ਸੱਭਿਆਚਾਰ, ਅਤੇ ਇਨ੍ਹਾਂ ਦੇ ਮਾਰੂ-ਪ੍ਰਭਾਵਾਂ ਨੂੰ ਸਮਝਣ ਵਿਚ ਦੇਰ ਨਾ ਲੱਗੀ। ਉਨ੍ਹਾਂ ਦੇ ਕਿਤਾਬਾਂ ਅਤੇ ਸਿੱਖਿਆ ਪ੍ਰਤੀ ਜਨੂੰਨ ਨੇ ਹਰ ਮਿਲਣ ਵਾਲੇ ਸ਼ਖਸ ਨੂੰ ਪ੍ਰਭਾਵਿਤ ਤੇ ਪ੍ਰੇਰਿਤ ਕੀਤਾ ਸੀ।

1999 ਤੋਂ ਉਹ 'ਪੰਜਾਬ ਲਾਇਬ੍ਰੇਰੀ ਐਸੋਸੀਏਸ਼ਨ' ਦੇ ਯਤਨਾਂ ਦੀ ਹਮਾਇਤ ਕਰਦੇ ਆ ਰਹੇ ਸਨ ਤਾਂ ਜੋ ਪੰਜਾਬ ਵਿਚ ਪੰਜਾਬ ਪਬਲਿਕ ਲਾਇਬ੍ਰੇਰੀ ਕਾਨੂੰਨ ਲਾਗੂ ਹੋ ਸਕੇ। ਇਸ ਕਾਨੂੰਨ ਵਾਸਤੇ ਉਨ੍ਹਾਂ ਸਮੇਂ ਦੀਆਂ ਸਰਕਾਰਾਂ ਦੇ ਅਨੇਕਾਂ ਮੰਤਰੀਆਂ ਅਤੇ ਉੱਚ-ਅਧਿਕਾਰੀਆਂ ਨਾਲ ਕਈ-ਕਈ ਮਿਲਣੀਆਂ ਕੀਤੀਆਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਕਾਨੂੰਨ ਦੀ ਅਣਹੋਂਦ ਵਿਚ 'ਪੰਜਾਬ ਨੈਸ਼ਨਲ ਨੌਲਿਜ ਕਮਿਸ਼ਨ (2005-2008)' ਦੀ ਉਸ ਰਿਪੋਰਟ ਤੋਂ ਕੋਈ ਵੀ ਫਾਇਦਾ ਨਹੀਂ ਲੈ ਸਕੇਗਾ, ਜਿਸ ਵਿਚ ਲੋਕ ਲਾਇਬ੍ਰੇਰੀਆਂ ਨੂੰ ਸਾਖਰਤਾ ਅਤੇ ਆਰਥਿਕ ਵਿਕਾਸ ਦੀ ਰੀੜ੍ਹ ਦੀ ਹੱਡੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਸੀ। ਪਬਲਿਕ ਲਾਇਬ੍ਰੇਰੀਆਂ ਦੇ ਮਹੱਤਵ ਤੋਂ ਅਨਜਾਣ 'ਸਮਰੱਥ' ਅਧਿਕਾਰੀਆਂ ਨੇ ਡਾ. ਜਸਵੰਤ ਸਿੰਘ ਦੇ ਪੰਜਾਬ ਪਬਲਿਕ ਲਾਇਬ੍ਰੇਰੀ ਕਾਨੂੰਨ ਪ੍ਰਤੀ ਕੀਤੇ ਸਿਰੜੀ ਅਤੇ ਮਹੱਤਵਪੂਰਨ ਯਤਨਾਂ ਨੂੰ ਬੂਰ ਨਾ ਪੈਣ ਦਿੱਤਾ। ਉਪਰੋਕਤ ਕਾਨੂੰਨ ਦੀ ਪ੍ਰਾਪਤੀ ਲਈ ਉਨ੍ਹਾਂ ਆਪਣੇ ਸਾਥੀਆਂ ਸਮੇਤ ਪੰਜਾਬ ਅਤੇ ਹਰਿਆਣਾ ਉੱਚ ਅਦਾਲਤ ਦਾ ਬੂਹਾ ਵੀ ਖੜਕਾਇਆ ਸੀ ਤਾਂ ਜੋ ਉਹ ਅਦਾਲਤ ਪੰਜਾਬ ਸਰਕਾਰ ਨੂੰ ਇਸ ਕਾਨੂੰਨ ਪ੍ਰਤੀ ਜ਼ਿੰਮੇਵਾਰ ਬਣਾ ਸਕੇ, ਪਰ ਅਫਸੋਸ ਅੱਜ ਤਕ ਇਸ ਪਟੀਸ਼ਨ ਦਾ ਕੋਈ ਨਤੀਜਾ ਨਾ ਨਿਕਲ ਸਕਿਆ। ਉਹ ਅਕਸਰ ਕਹਿੰਦੇ ਸਨ "ਮੇਰੀ ਜ਼ਿੰਦਗੀ ਦਾ ਸੂਰਜ ਇਸ ਕਾਨੂੰਨ ਦੇ ਪਾਸ ਹੋਣ ਤੋਂ ਪਹਿਲਾਂ ਅਸਤ ਹੋਣ ਵਾਲਾ ਨਹੀਂ ਹੈ।"

ਪਰ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਉਹ ਆਪਣੇ ਇਸ ਪੰਜਾਬ ਪਬਲਿਕ ਲਾਇਬ੍ਰੇਰੀ ਕਾਨੂੰਨ ਦੇ ਸੁਪਨੇ ਨੂੰ ਸਾਕਾਰ ਕਰਨ ਤੋਂ ਪਹਿਲਾਂ ਹੀ ਚੱਲ ਵੱਸੇ। ਜਗਤਾਰ ਰਾਹਾ ਦੇ ਅਨੁਸਾਰ, "ਡਾ. ਜਸਵੰਤ ਸਿੰਘ ਕੋਲ ਲੋਕਾਂ ਨਾਲ ਮਿਲ-ਬੈਠਣ ਦਾ ਪੈਦਾਇਸ਼ੀ ਗੁਣ ਸੀ। ਉਹ ਛੋਟੇ ਬੱਚਿਆਂ ਨੂੰ ਬੇਇੰਤਹਾ ਮੁਹੱਬਤ ਕਰਦੇ ਸਨ ਅਤੇ ਉਨ੍ਹਾਂ ਦੇ ਉੱਜਲ ਭਵਿੱਖ ਲਈ ਸਦਾ ਕਾਰਜਸ਼ੀਲ ਸਨ।" ਢਾ. ਜਸਵੰਤ ਸਿੰਘ ਇਕ ਉੱਘੇ ਸਮਾਜ-ਸੇਵਕ, ਪਿੰਡਾਂ ਵਿਚ ਪਬਲਿਕ ਲਾਇਬ੍ਰੇਰੀਆਂਦੇ ਨਿਰਮਾਤਾ, ਨਿੱਘੇ ਦੋਸਤ ਅਤੇ ਜ਼ਿੰਮੇਵਾਰ ਪਰਿਵਾਰਕ ਵਿਅੱਕਤੀ ਵਜੋਂ ਯਾਦ ਰੱਖੇ ਜਾਣਗੇ, ਜਿਨ੍ਹਾਂ ਵਿਚ ਜ਼ਿੰਦਗੀ ਜਿਉਣ ਦਾ ਭਰਪੂਰ ਉਤਸ਼ਾਹ ਸੀ। ਉਨ੍ਹਾਂ ਵਿਚ ਪੁਸਤਕਾਂ ਪ੍ਰਤੀ ਪਿਆਰ ਅਤੇ ਤਾ-ਉਮਰ ਸਿੱਖਣ-ਸਿਖਾਉਣ ਦੀ ਚਿਣਗ ਸਮੇਤ ਅਨੇਕਾਂ ਗੁਣ ਸਨ। ਉਨ੍ਹਾਂ ਸਦਾ ਉਸ ਚੜ੍ਹਦੀ ਕਲਾ ਦੇ ਸੰਕਲਪ ਨੂੰ ਰੂਪਮਾਨ ਕੀਤਾ ਹੈ, ਜੋ ਸਾਨੂੰ ਹਮੇਸ਼ਾ ਆਸਵੰਦ ਹੋਣ ਦਾ ਸਬਕ ਸਿਖਾਉਂਦਿਆਂ ਸਦੀਵੀ ਆਨੰਦਮਈ ਅਵਸਥਾ ਲਈ ਪ੍ਰੇਰਿਤ ਕਰਦਾ ਹੈ।

ਡਾ. ਐੱਮ. ਪੀ. ਸਤੀਜਾ
(+91 98774-86160)
ਡਾ. ਸੁਖਦੇਵ ਸਿੰਘ
(+91 78887 05824)


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਢਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224

# ਪੂਰਨ ਰਾਜ ਦਾ ਦਰਜਾ ਬਹਾਲ ਹੋਣ ਤੱਕ ਵਿਧਾਨ ਸਭਾ ਚੋਣਾਂ ਨਹੀਂ ਲੜਾਂਗਾ : ਉਮਰ ਅਬਦੁੱਲਾ

ਸ੍ਰੀਨਗਰ, 28 ਜੁਲਾਈ (ਪੋਸਟ ਬਿਊਰੋ)- ਜੰਮੂ ਕਸ਼ਮੀਰ ਵਿੱਚ ਧਾਰਾ 370 ਹਟਾਏ ਜਾਣ ਤੋਂ ਬਾਅਦ ਇਸ ਰਾਜ ਦਾ ਦਰਜਾ ਘਟਾ ਕੇ ਕੇਂਦਰ ਸ਼ਾਸਿਤ ਪ੍ਰਦੇਸ਼ ਕਰਨ ਤੋਂ ਨਿਰਾਸ਼ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਹੈ ਕਿ ਪੂਰਨ ਰਾਜ ਦਾ ਦਰਜਾ ਬਹਾਲ ਹੋਣ ਤੱਕ ਉਹ ਵਿਧਾਨ ਸਭਾ ਚੋਣਾਂ ਨਹੀਂ ਲੜਨਗੇ।



ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵਿੱਚ ਕੇਂਦਰੀ ਮੰਤਰੀ ਰਹਿ ਚੁੱਕੇ ਉਮਰ ਅਬਦੁੱਲਾ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਹ ਆਪਣੀ ਪਾਰਟੀ ਨੈਸ਼ਨਲ ਕਾਨਫਰੰਸ ਅਤੇ ਜੰਮੂ ਕਸ਼ਮੀਰ ਦੇ ਲੋਕਾਂ ਲਈ ਕੰਮ ਜਾਰੀ ਰੱਖਣਗੇ। ਉਨਾਂ ਨੇ ਗੱਲਬਾਤ ਦੌਰਾਨ ਕਿਹਾ, ਮੈਂ ਰਾਜ ਵਿਧਾਨ ਸਭਾ ਦਾ ਆਗੂ ਰਿਹਾ ਹਾਂ। ਆਪਣੇ ਸਮੇਂ ਦੀ ਇਹ ਸਭ ਤੋਂ ਤਾਕਤਵਰ ਵਿਧਾਨ ਸਭਾ ਸੀ। ਇਸ ਵੇਲੇ ਇਸ ਕੇਂਦਰ ਸ਼ਾਸਿਤ ਪ੍ਰਦੇਸ਼ ਦੀ ਜੋ ਵਿਧਾਨ ਸਭਾ ਹੈ, ਉਹ ਦੇਸ਼ ਦੀ ਸਭ ਤੋਂ ਕਮਜ਼ੋਰ ਵਿਧਾਨ ਸਭਾ ਹੈ ਅਤੇ ਮੈਂ ਇਸ ਦਾ ਮੈਂਬਰ ਨਹੀਂ ਰਹਿ ਸਕਦਾ। ਉਨ੍ਹਾਂ ਕਿਹਾ, ਇਹ ਕੋਈ ਧਮਕੀ ਜਾਂ ਬਲੈਕਮੇਲਿੰਗ ਨਹੀਂ, ਇਹ ਕੋਈ ਨਾਰਾਜ਼ਗੀ ਦਾ ਪ੍ਰਗਟਾਵਾ ਵੀ ਨਹੀਂ। ਇਹ ਸਿਰਫ ਇੱਕ ਸਾਧਾਰਨ ਸਵੈ ਪ੍ਰਵਾਨਗੀ ਹੈ ਕਿ ਮੈਂ ਇਸ ਕੇਂਦਰ ਸ਼ਾਸਿਤ ਪ੍ਰਦੇਸ਼ ਦੀ ਇਸ ਸ਼ਕਤੀਹੀਣ ਵਿਧਾਨ ਸਭਾ ਦੀ ਚੋਣਾਂ ਨਹੀਂ ਲੜਾਂਗਾ। ਸੰਵਿਧਾਨ ਦੀ ਧਾਰਾ 370 ਰੱਦ ਕਰਨ ਦੇ ਆਲੋਚਕ ਉਮਰ ਅਬਦੁੱਲਾ ਨੇ ਕਿਹਾ ਕਿ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਰੱਦ ਕਰਨ ਦੇ ਫੈਸਲੇ ਨੂੰ ਸਹੀ ਸਾਬਿਤ ਕਰਨ ਦੇ ਕਈ ਕਾਰਨ ਦਿੱਤੇ ਗਏ, ਪਰ ਉਨ੍ਹਾਂ ਵਿੱਚੋਂ ਕਿਸੇ ਵੀ ਤਰਕ ਦੀ ਕੋਈ ਜਾਂਚ ਨਹੀਂ ਕੀਤੀ ਗਈ। ਉਨ੍ਹਾਂ ਕਿਹਾ, ਅਸੀਂ ਲੋਕਤੰਤਰ ਤੇ ਸ਼ਾਂਤੀਪੂਰਨ ਵਿਰੋਧੀ ਧਿਰ 'ਚ ਵਿਸ਼ਵਾਸ ਰੱਖਦੇ ਹਾਂ। ਧਾਰਾ 370 ਅੱਤਵਾਦ ਦੇ ਖਾਤਮੇ ਲਈ ਰੱਦ ਕੀਤੀ ਗਈ ਸੀ, ਪਰ ਸਰਕਾਰ ਸੁਪਰੀਮ ਕੋਰਟ ਵਿੱਚ ਕਹਿ ਰਹੀ ਹੈ ਕਿ ਜੰਮੂ ਕਸ਼ਮੀਰ 'ਚ ਹਿੰਸਾ ਵਧ ਰਹੀ ਹੈ।

# ਯੂ ਪੀ ਪੁਲਸ ਨੇ ਮਾਸਕ ਨਾ ਪਾਉਣ ਉੱਤੇ ਬੱਕਰੀ ਗ੍ਰਿਫਤਾਰ ਕੀਤੀ

ਕਾਨਪੁਰ, 28 ਜੁਲਾਈ (ਪੋਸਟ ਬਿਊਰੋ)- ਇੱਕ ਅਜੀਬ ਘਟਨਾ ਵਿੱਚ ਕਾਨਪੁਰ ਪੁਲਸ ਨੇ ਇਥੇ ਬੀਕਨਗੰਜ ਖੇਤਰ ਵਿੱਚ ਬਿਨਾਂ ਮਾਸਕ ਤੋਂ ਘੁੰਮ ਰਹੀ ਇੱਕ ਬੱਕਰੀ ਨੂੰ ਗ੍ਰਿਫਤਾਰ ਕਰ ਲਿਆ। ਇਹ ਘਟਨਾ ਹਫਤੇ ਦੇ ਅਖੀਰ ਵਿੱਚ ਵਾਪਰੀ ਅਤੇ ਬੀਕਨਗੰਜ ਪੁਲਸ ਨੇ ਬੱਕਰੀ ਨੂੰ ਕਾਬੂ ਕਰ ਲਿਆ ਅਤੇ ਜੀਪ ਵਿੱਚ ਪਾ ਕੇ ਥਾਣੇ ਲੈ ਗਈ। ਬੱਕਰੀ ਦੇ ਮਾਲਕ ਨੂੰ ਜਦੋਂ ਪਤਾ ਲੱਗਾ ਕਿ ਪੁਲਸ ਉਸ ਦੀ ਬੱਕਰੀ ਨੂੰ ਲੈ ਗਈ ਹੈ ਤਾਂ ਉਹ ਥਾਣੇ ਪਹੁੰਚਿਆ। ਉਸ ਨੇ ਪੁਲਸ ਮੁਲਾਜ਼ਮਾਂ ਨੂੰ ਅਰਜ ਕੀਤੀ ਅਤੇ ਪੁਲਸ ਨੇ ਉਸ ਨੂੰ ਬੱਕਰੀ ਲੈ ਕੇ ਜਾਣ ਦੀ ਇਜਾਜ਼ਤ ਦੇ ਦਿੱਤੀ, ਪਰ ਨਾਲ ਹੀ ਚਿਤਾਵਨੀ ਵੀ ਦਿੱਤੀ ਕਿ ਪਸ਼ੂ ਨੂੰ ਸੜਕ 'ਤੇ ਨਾ ਘੁੰਮਣ ਦਿੱਤਾ ਜਾਵੇ।

ਅਨਵਰਗੰਜ ਪੁਲ ਥਾਣੇ ਦੇ ਸਰਕਲ ਅਫਸਰ ਸੈਫੂਦੀਨ ਬੇਗ ਨੇ ਕਿਹਾ, ਪੁਲਸ ਨੂੰ ਬਿਨਾਂ ਮਾਸਕ ਤੋਂ ਘੁੰਮਦਾ ਇੱਕ ਨੌਜਵਾਨ ਮਿਲਿਆ ਸੀ, ਜਿਸ ਕੋਲ ਬੱਕਰੀ ਸੀ। ਜਦੋਂ ਉਸ ਨੇ ਪੁਲਸ ਨੂੰ ਦੇਖਿਆ ਤਾਂ ਉਹ ਬੱਕਰੀ ਛੱਡ ਕੇ ਦੌੜ ਗਿਆ, ਇਸ ਵਾਸਤੇ ਪੁਲਸ ਮੁਲਾਜ਼ਮ ਬੱਕਰੀ ਨੂੰ ਥਾਣੇ ਲੈ ਆਏ। ਬਾਅਦ ਵਿੱਚ ਉਨ੍ਹਾਂ ਨੇ ਬੱਕਰੀ ਮਾਲਕ ਨੂੰ ਦੇ ਦਿੱਤੀ ਸੀ। ਇਸ ਬੱਕਰੀ ਨੂੰ ਥਾਣੇ ਲਿਆਉਣ ਵਾਲੇ ਪੁਲਸ ਵਾਲਿਆਂ 'ਚੋਂ ਇੱਕ ਨੇ ਮੰਨਿਆ ਕਿ ਉਨ੍ਹਾਂ ਨੂੰ ਬੱਕਰੀ ਲਾਕਡਾਊਨ ਦੇ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਬਿਨਾਂ ਮਾਸਕ ਤੋਂ ਘੁੰਮਦੀ ਮਿਲੀ ਸੀ, ਇਸ ਵਾਸਤੇ ਉਹ ਬੱਕਰੀ ਨੂੰ ਥਾਣੇ ਲੈ ਆਏ। ਉਸ ਨੇ ਕਿਹਾ ਕਿ ਲੋਕ ਆਪਣੇ ਕੁੱਤਿਆਂ ਨੂੰ ਵੀ ਮਾਸਕ ਲਾ ਰਹੇ ਹਨ ਤਾਂ ਬੱਕਰੀ ਕਿਉਂ ਨਹੀਂ ਮਾਸਕ ਪਹਿਨ ਸਕਦੀ? ਸੋਸ਼ਲ ਮੀਡੀਆ 'ਤੇ ਮਖੌਲ ਉਡਣ ਤੋਂ ਬਾਅਦ ਪੁਲਸ ਮੁਲਾਜ਼ਮਾਂ ਨੇ ਬਾਅਦ ਵਿੱਚ ਆਪਣਾ ਪੱਖ ਬਦਲ ਦਿੱਤਾ।

# ਗੁੜਗਾਓਂ ਦੇ ਪ੍ਰਾਈਵੇਟ ਹਸਪਤਾਲ ਨੇ ਪਹਿਲਾਂ ਪਾਜ਼ੀਟਿਵ ਰਿਪੋਰਟ ਦਿੱਤੀ, ਫਿਰ ਨੈਗੇਟਿਵ

*** ਦੂਸਰੀ ਜਗ੍ਹਾ ਜਾਂਚ ਕਰਾਉਣ ਦਾ ਸੁਣ ਕੇ ਰਿਪੋਰਟ ਨੈਗੇਟਿਵ ਦਿੱਤੀ**

ਗੁੜਗਾਓਂ, 28 ਜੁਲਾਈ (ਪੋਸਟ ਬਿਊਰੋ)- ਕੋਰੋਨਾ ਜਾਂਚ ਰਿਪੋਰਟ ਬਾਰੇ ਇੱਕ ਮਰੀਜ਼ ਦੇ ਪਰਵਾਰ ਨੇ ਸਵਾਲ ਚੁੱਕੇ ਹਨ। ਉਸ ਦਾ ਕਹਿਣਾ ਹੈ ਕਿ ਗੁੜਗਾਉਂ ਦੇ ਇੱਕ ਪ੍ਰਾਈਵੇਟ ਹਸਪਤਾਲ ਨੇ ਪਹਿਲਾਂ ਉਨ੍ਹਾਂ ਦੇ ਮਰੀਜ਼ ਦੀ ਜਾਂਚ ਰਿਪੋਰਟ ਕੋਰੋਨਾ ਪਾਜ਼ੀਟਿਵ ਦੀ ਦਿੱਤੀ ਸੀ, ਪਰ ਜਦੋਂ ਘਰਦਿਆਂ ਨੇ ਕਨਫਰਮ ਕਰਨ ਲਈ ਦੂਸਰੀ ਲੈਬ ਤੋਂ ਜਾਂਚ ਕਰਾਉਣ ਦੀ ਗੱਲ ਕਹੀ ਤਾਂ ਉਸੇ ਦਿਨ ਹਸਪਤਾਲ ਨੇ ਮਰੀਜ਼ ਦੀ ਨੈਗੇਟਿਵ ਰਿਪੋਰਟ ਦੇ ਦਿੱਤੀ।



ਹਸਪਤਾਲ ਦਾ ਕਹਿਣਾ ਹੈ ਕਿ ਮਰੀਜ਼ ਦੇ ਪਰਵਾਰ ਨੂੰ ਰਿਪੋਰਟ ਨੂੰ ਸਮਝਣ ਵਿੱਚ ਪ੍ਰੇਸ਼ਾਨੀ ਹੋਈ ਸੀ। ਪ੍ਰਬੰਧਕਾਂ ਵਿੱਚੋਂ ਵਰਿੰਦਰ ਤਿਆਗੀ ਨੇ ਟਵਿੱਟਰ 'ਤੇ ਲਿਖਿਆ ਕਿ ਸ਼ਹਿਰ ਦੇ ਸਭ ਤੋਂ ਵੱਡੇ ਹਸਪਤਾਲ ਦੇ ਇੱਕ ਮਰੀਜ਼ ਨੂੰ ਸਿਹਤ ਵਿਗੜਨ 'ਤੇ ਲਿਜਾਇਆ ਗਿਆ ਸੀ। ਹਸਪਤਾਲ ਨੇ ਉਸੇ ਦਿਨ ਮਰੀਜ਼ ਨੂੰ ਜਾਂਚ ਰਿਪੋਰਟ ਪਾਜ਼ੀਟਿਵ ਦਿੱਤੀ ਸੀ। ਘਰ ਦਿਆਂ ਨੇ ਦੂਸਰੇ ਹਸਪਤਾਲ ਤੋਂ ਜਾਂਚ ਦੀ ਗੱਲ ਕੀਤੀ ਤਾਂ ਹਸਪਤਾਲ ਨੇ ਕੁਝ ਦੇਰ ਬਾਅਦ ਉਨ੍ਹਾਂ ਨੂੰ ਦੂਸਰੀ ਰਿਪੋਰਟ ਨੈਗੇਟਿਵ ਦੇ ਦਿੱਤੀ। ਸੋਸ਼ਲ ਮੀਡੀਆ 'ਤੇ ਵੀ ਜ਼ਿਲਾ ਸੁਪਰਡੈਂਟ ਅਤੇ ਸਿਹਤ ਮੰਤਰੀ ਕੋਲ ਸ਼ਿਕਾਇਤ ਕੀਤੀ ਗਈ ਹੈ।

# ਬੇਅਦਬੀ ਕਾਂਡ ਵਿੱਚ ਗ੍ਰਿਫਤਾਰ ਡੇਰਾ ਪ੍ਰੇਮੀਆਂ ਨੂੰ ਜ਼ਮਾਨਤ ਮਿਲੀ

ਫਰੀਦਕੋਟ, 28 ਜੁਲਾਈ (ਪੋਸਟ ਬਿਊਰੋ)- ਪੰਜ ਸਾਲ ਪੁਰਾਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਬੇਅਦਬੀ ਦੇ ਕੇਸ ਵਿੱਚ 23 ਦਿਨ ਪਹਿਲਾਂ ਗ੍ਰਿਫਤਾਰ ਕੀਤੇ ਗਏ ਪੰਜ ਡੇਰਾ ਪ੍ਰੇਮੀਆਂ ਨੂੰ ਸਥਾਨਕ ਡਿਊਟੀ ਮੈਜਿਸਟਰੇਟ ਸੁਰੇਸ਼ ਕੁਮਾਰ ਨੇ ਚੱਲਦੇ ਮੁਕੱਦਮੇ ਦੇ ਦੌਰਾਨ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ ਹੈ।



ਡੀ ਆਈ ਜੀ ਰਣਬੀਰ ਸਿੰਘ ਖੱਟੜਾ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਰਣਦੀਪ ਸਿੰਘ ਉਰਫ ਨੀਲਾ, ਰਣਜੀਤ ਸਿੰਘ, ਬਲਜੀਤ ਸਿੰਘ, ਨਿਸ਼ਾਨ ਸਿੰਘ ਤੇ ਨਰਿੰਦਰ ਕੁਮਾਰ ਸ਼ਰਮਾ ਨੂੰ ਇੱਕ ਜੂਨ 2015 ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਦੇ ਦੋਸ਼ ਹੇਠ ਤਿੰਨ ਜੁਲਾਈ ਨੂੰ ਗ੍ਰਿਫਤਾਰ ਕੀਤਾ ਸੀ। ਇਸ ਕੇਸ ਵਿੱਚ ਡੇਰਾ ਪ੍ਰੇਮੀ ਸੁਖਜਿੰਦਰ ਸਿੰਘ ਅਤੇ ਸ਼ਕਤੀ ਸਿੰਘ ਪਹਿਲਾਂ ਹੀ ਜ਼ਮਾਨਤ 'ਤੇ ਹਨ। ਡੇਰਾ ਪ੍ਰੇਮੀਆਂ ਦੇ ਵਕੀਲ ਵਿਨੋਦ ਕੁਮਾਰ ਮੋਂਗਾ ਨੇ ਅਦਾਲਤ ਨੂੰ ਦੱਸਿਆ ਕਿ ਪੰਜ ਸਾਲਾਂ ਦੀ ਲੰਮੀ ਜਾਂਚ ਪਿੱਛੋਂ ਵੀ ਜਾਂਚ ਟੀਮ ਕੋਈ ਅਜਿਹਾ ਸਬੂਤ ਅਦਾਲਤ ਅੱਗੇ ਪੇਸ਼ ਨਹੀਂ ਕਰ ਸਕੀ, ਜਿਸ ਤੋਂ ਇਸ ਵਿੱਚ ਡੇਰਾ ਪ੍ਰੇਮੀਆਂ ਦੀ ਸ਼ਮੂਲੀਅਤ ਸਾਬਤ ਹੁੰਦੀ ਹੋਵੇ। ਡੇਰਾ ਪ੍ਰੇਮੀਆਂ ਨੇ ਬਹਿਸ ਦੌਰਾਨ ਖੁਲਾਸਾ ਕੀਤਾ ਕਿ ਸੀ ਬੀ ਆਈ ਨੇ ਉਨ੍ਹਾਂ ਦੇ ਕਈ ਮੈਡੀਕਲ ਅਤੇ ਵਿਗਿਆਨਕ ਟੈਸਟ ਕੀਤੇ ਤੇ ਇਨ੍ਹਾਂ ਤੋਂ ਵੀ ਉਨ੍ਹਾਂ ਦੇ ਖਿਲਾਫ ਕੁਝ ਸਾਹਮਣੇ ਨਹੀਂ ਸੀ ਆਇਆ। ਐਡਵੋਕੇਟ ਮੋਂਗਾ ਨੇ ਕਿਹਾ ਕਿ ਜਾਂਚ ਟੀਮ ਨੇ ਕੁਝ ਲੋਕਾਂ ਦੇ ਇਕਬਾਲੀਆ ਬਿਆਨਾਂ ਉੱਤੇ ਡੇਰਾ ਪ੍ਰੇਮੀਆਂ ਨੂੰ ਦੋਸ਼ੀ ਨਾਮਜ਼ਦ ਕੀਤਾ ਹੈ, ਜੋ ਗੈਰ ਕਾਨੂੰਨੀ ਹੈ। ਇਕਬਾਲੀਆ ਬਿਆਨ ਦੇਣ ਵਾਲੇ ਮਹਿੰਦਰਪਾਲ ਬਿੱਟੂ ਦਾ ਜੇਲ੍ਹ ਵਿੱਚ ਕਤਲ ਹੋ ਚੁੱਕਾ ਹੈ ਤੇ ਉਸ ਦੇ ਬਿਆਨ ਨੂੰ ਕਿਸੇ ਖਿਲਾਫ ਨਹੀਂ ਵਰਤਿਆ ਜਾ ਸਕਦਾ। ਜੁਡੀਸ਼ਲ ਮੈਜਿਸਟਰੇਟ ਨੇ ਬੇਅਦਬੀ ਕਾਂਡ 'ਚ ਗ੍ਰਿਫਤਾਰ ਕੀਤੇ ਗਏ ਪੰਜਾਂ ਡੇਰਾ ਪ੍ਰੇਮੀਆਂ ਨੂੰ ਚੱਲਦੇ ਮੁਕੱਦਮੇ ਤੱਕ 50-50 ਹਜ਼ਾਰ ਰੁਪਏ ਦੀ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ ਹੈ।

ਇਸ ਦੌਰਾਨ ਪੰਜਾਬ ਹਰਿਆਣਾ ਹਾਈ ਕੋਰਟ ਨੇ ਕੋਟਕਪੂਰਾ ਗੋਲੀ ਕਾਂਡ ਵਿੱਚ ਦੋਸ਼ੀ ਨਾਮਜ਼ਦ ਕੀਤੇ ਗਏ ਐੱਸ ਪੀ ਬਲਜੀਤ ਸਿੰਘ ਸਿੱਧੂ ਨੂੰ ਜਾਂਚ ਵਿੱਚ ਸ਼ਾਮਲ ਹੋਣ ਦੇ ਹੁਕਮ ਦਿੱਤੇ ਹਨ। ਜਸਟਿਸ ਅਨਿਲ ਖੇਤਰਪਾਲ ਨੇ ਐੱਸ ਪੀ ਸਿੱਧੂ ਨੂੰ ਹੁਕਮ ਦਿੱਤਾ ਹੈ ਕਿ ਉਹ 29 ਜੁਲਾਈ ਨੂੰ ਸਵੇਰੇ 10 ਵਜੇ ਜਾਂਚ ਟੀਮ ਦੇ ਦਫਤਰ ਵਿੱਚ ਪੁੱਛਗਿੱਛ ਲਈ ਹਾਜ਼ਰ ਹੋਣ। ਅਦਾਲਤ ਨੇ ਜਾਂਚ ਟੀਮ ਨੂੰ ਹੁਕਮ ਦਿੱਤੇ ਹਨ ਕਿ ਜੇ ਐੱਸ ਪੀ ਜਾਂਚ ਵਿੱਚ ਸ਼ਾਮਲ ਹੁੰਦੇ ਹਨ ਤਾਂ ਉਨ੍ਹਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਜਾਵੇਗਾ।

# ਨੈਗੇਟਿਵ ਦੀ ਪਾਜ਼ੀਟਿਵ ਰਿਪੋਰਟ ਬਣਾਉਣ ਵਾਲੀ ਲੈਬ ਦੇ ਕੇਸ ਦਾ ਰਿਕਾਰਡ ਅਦਾਲਤ ਨੇ ਮੰਗਿਆ

ਅੰਮ੍ਰਿਤਸਰ, 28 ਜੁਲਾਈ (ਪੋਸਟ ਬਿਊਰੋ)- ਅੰਮ੍ਰਿਤਸਰ ਦੀ ਨਿੱਜੀ ਮੈਡੀਕਲ ਲੈਬ ਦੇ ਦੋ ਡਾਕਟਰਾਂ ਦੀ ਜਮਾਨਤ 'ਤੇ ਸੁਣਵਾਈ ਪੰਜਾਬ ਹਰਿਆਣਾ ਹਾਈਕੋਰਟ ਵਿੱਚ 31 ਜੁਲਾਈ ਨੂੰ ਹੋਵੇਗੀ।




ਨੈਗੇਟਿਵ ਦੀ ਜਗ੍ਹਾ ਪਾਜ਼ੀਟਿਵ ਕੋਵਿਡ-19 ਰਿਪੋਰਟ ਬਣਾਉਣ ਅਤੇ ਇਲਾਜ ਦੇ ਨਾਮ 'ਤੇ ਲੱਖਾਂ ਰੁਪਏ ਇਲਾਜ ਲਈ ਵਸੂਲਣ ਦੇ ਦੋਸ਼ ਵਿੱਚ ਬਹੁ-ਚਰਚਿਤ ਅੰਮ੍ਰਿਤਸਰ ਦੇ ਨਿਜੀ ਲੈਬ ਅਤੇ ਪ੍ਰਾਈਵੇਟ ਹਸਪਤਾਲ ਦੇ ਇਸ ਕੇਸ ਵਿੱਚ ਵਿਜੀਲੈਂਸ ਬਿਊਰੋ ਅੰਮ੍ਰਿਤਸਰ ਨੇ ਪੀੜਤ ਪੱਖ ਦੇ ਸ਼ਿਕਾਇਤ ਕਰਤਾ ਰਾਣੀ ਕਾ ਬਾਗ ਨਿਵਾਸੀ ਰਾਜ ਕੁਮਾਰ ਖੁੱਲਰ ਅਤੇ ਸ਼ਕਤੀ ਨਗਰ ਦੇ ਵਰਿੰਦਰ ਕੁਮਾਰ ਉਫ ਵਿੱਕੀ ਦੱਤਾ ਤੇ ਕੁਝ ਹੋਰਨਾਂ ਦੇ ਬਿਆਨਾਂ ਉੱਤੇ ਹੱਤਿਆ ਦੀ ਕੋਸ਼ਿਸ਼, ਧੋਖਾਧੜੀ ਤੇ ਹੋਰ ਧਾਰਾਵਾਂ ਦਾ ਆਪਰਾਧਿਕ ਮਾਮਲਾ ਦਰਜ ਕੀਤਾ ਸੀ। ਇਸ ਦੌਰਾਨ ਛੇ ਲੋਕਾਂ 'ਤੇ ਦਰਜ ਕੇਸ ਵਿੱਚ ਪੰਜ ਡਾਕਟਰ ਤੇ ਇੱਕ ਨਿੱਜੀ ਹਸਪਤਾਲ ਦਾ ਮੈਨੇਜਿੰਗ ਡਾਇਰੈਕਟਰ ਸ਼ਾਮਲ ਸੀ। ਇਸ ਪਿੱਛੋਂ ਪੁਲਸ ਹਾਈ ਕਮਾਂਡ ਨੇ ਜਾਂਚ ਵਿਜੀਲੈਂਸ ਬਿਊਰੋ ਤੋਂ ਲੈ ਕੇ ਸਿਟੀ ਪੁਲਸ ਨੂੰ ਦੇ ਦਿੱਤੀ ਤੇ ਪੁਲਸ ਕਮਿਸ਼ਨਰ ਡਾ. ਸੁਖਚੈਨ ਸਿੰਘ ਗਿੱਲ ਦੇ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਬਣਾਈ ਗਈ ਸੀ। ਇਸ ਕੇਸ ਵਿੱਚ ਅੰਮ੍ਰਿਤਸਰ ਦੇ ਸੈਸ਼ਨ ਜੱਜ ਐਸ ਐਸ ਧਾਲੀਵਾਲ ਦੀ ਅਦਾਲਤ ਵਿੱਚ ਲੈਬ ਦੇ ਡਾਕਟਰਾਂ ਦੀ ਜਮਾਨਤ ਦੀ ਅਰਜ਼ੀ ਰੱਦ ਹੋ ਗਈ ਸੀ। ਇਸੇ ਦੌਰਾਨ ਨਿਜੀ ਹਸਪਤਾਲ ਦੇ ਇੱਕ ਡਾਕਟਰ ਅਤੇ ਮੈਨੇਜਿੰਗ ਡਾਇਰੈਕਟਰ ਨੇ ਆਪਣੀ ਜਮਾਨਤ ਅਰਜ਼ੀ ਵਾਪਸ ਲੈ ਲਈ ਸੀ ਅਤੇ ਮੈਡੀਕਲ ਲੈਬ ਦੇ ਚਾਰ ਡਾਕਟਰਾਂ ਦੀ ਜਮਾਨਤ ਅਰਜ਼ੀ ਸੈਸ਼ਨ ਅਦਾਲਤ ਵੱਲੋਂ ਰੱਦ ਕੀਤੇ ਜਾਣ ਪਿੱਛੋਂ ਇਨ੍ਹਾਂ ਚਾਰ ਵਿੱਚੋਂ ਦੋ ਡਾਕਟਰਾਂ ਨੇ ਆਪਣੇ ਕੇਸ ਦੀ ਜਮਾਨਤ ਦੀ ਅਰਜ਼ੀ ਹਾਈ ਕੋਰਟ ਵਿੱਚ ਦਾਇਰ ਕੀਤੀ ਸੀ। ਜਸਟਿਸ ਐਚ ਐਸ ਮਦਾਨ ਦੀ ਅਦਾਲਤ ਵਿੱਚ ਕੱਲ੍ਹ ਅਰਜ਼ੀ 'ਤੇ ਸੁਣਵਾਈ ਦੌਰਾਨ ਦੋਨਾਂ ਪੱਖਾਂ ਦੇ ਵਕੀਲਾਂ ਨੇ ਕੋਰਟ ਵਿੱਚ ਆਪੋ-ਆਪਣੇ ਕਲਾਈਂਟ ਦੇ ਪੱਖ ਵਿੱਚ ਤਰਕ ਦਿੱਤਾ। ਇੱਕ ਘੰਟੇ ਦੀ ਬਹਿਸ ਦੌਰਾਨ ਦੋਨਾਂ ਪੱਖਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਜੱਜ ਨੇ 31 ਜੁਲਾਈ ਨੂੰ ਅਗਲੀ ਸੁਣਵਾਈ ਦੀ ਤਾਰੀਕ ਦਿੱਤੀ ਅਤੇ ਅੰਮ੍ਰਿਤਸਰ ਪੁਲਸ ਤੋਂ ਇਸ ਕੇਸ ਦਾ ਸੰਬੰਧਿਤ ਰਿਕਾਰਡ ਮੰਗਵਾਇਆ ਹੈ।





# ਟਿਕਟਾਕ ਦੀ ਵਰਤੋਂ ਕਰਨ 'ਤੇ ਮਿਸਰ ਵਿਚ ਪੰਜ ਕੁੜੀਆਂ ਨੂੰ ਦੋ-ਦੋ ਸਾਲ ਦੀ ਸਜ਼ਾ



ਕਾਹਿਰਾ, 28 ਜੁਲਾਈ (ਪੋਸਟ ਬਿਊਰੋ): ਮਿਸਰ 'ਚ ਸੋਸ਼ਲ ਮੀਡੀਆ ਪਲੇਟਫਾਰਮ ਟਿਕਟਾਕ ਦੇ ਇਸਤੇਮਾਲ 'ਤੇ ਪੰਜ ਕੁੜੀਆਂ ਨੂੰ ਦੋ-ਦੋ ਸਾਲ ਦੀ ਸਜ਼ਾ ਸੁਣਾਈ ਗਈ ਹੈ। ਹਰ ਕੁੜੀ 'ਤੇ 19 ਹਜ਼ਾਰ ਡਾਲਰ (ਕਰੀਬ 14 ਲੱਖ ਰੁਪਏ) ਦਾ ਜੁਰਮਾਨਾ ਵੀ ਲਗਾਇਆ ਗਿਆ ਹੈ। ਇਨ੍ਹਾਂ ਸਾਰਿਆਂ 'ਤੇ ਸਮਾਜ ਦਾ ਮਾਹੌਲ ਖ਼ਰਾਬ ਕਰਨ ਦਾ ਦੋਸ਼ ਹੈ। ਆਲੋਚਕ ਇਸ ਨੂੰ ਔਰਤਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਘਾਣ ਦੱਸ ਰਹੇ ਹਨ। ਇਨ੍ਹਾਂ ਕੁੜੀਆਂ 'ਚ ਹਨੀਮ ਹੋਸਾਮ (20) ਤੇ ਮੋਵਾਦਾ ਅਲ-ਅਧਮ (22) ਵੀ ਸ਼ਾਮਿਲ ਹਨ। ਸੋਸ਼ਲ ਮੀਡੀਆ 'ਤੇ ਇਨ੍ਹਾਂ ਦੇ ਲੱਖਾਂ ਫਾਲੋਅਰਜ਼ ਹਨ। ਇਨ੍ਹਾਂ ਦਾ ਕਸੂਰ ਬੱਸ ਏਨਾ ਹੈ ਕਿ ਟਿਕਟਾਕ 'ਤੇ ਡਾਂਸ ਵੀਡੀਓ ਪਾਈਆਂ ਸਨ। ਬਾਕੀ ਤਿੰਨ ਕੁੜੀਆਂ ਸੋਸ਼ਲ ਮੀਡੀਆ ਅਕਾਊਂਟ ਚਲਾਉਣ 'ਚ ਇਸ ਦੀ ਮਦਦ ਕਰਦੀਆਂ ਹਨ। ਇਕ ਸਥਾਨਕ ਅਦਾਲਤ ਨੇ ਕੁੜੀਆਂ ਨੂੰ ਸਮਾਜਿਕ ਕਦਰਾਂ ਕੀਮਤਾਂ ਦੀ ਉਲੰਘਣਾ ਤੇ ਗ਼ੈਰ ਇਖਲਾਕੀ ਵਿਹਾਰ ਤੋਂ ਇਲਾਵਾ ਮਨੁੱਖੀ ਸਮਗਲਿੰਗ ਤੇ ਅਸ਼ਲੀਲਤਾ ਨੂੰ ਬੜ੍ਹਾਵਾ ਦੇਣ ਦਾ ਦੋਸ਼ ਠਹਿਰਾਇਆ ਹੈ। ਮਿਸਰ 'ਚ ਸੋਸ਼ਲ ਮੀਡੀਆ ਦੀ ਦੁਰਵਰਤੋਂ ਤੇ ਫਰਜ਼ੀ ਖ਼ਬਰਾਂ ਫੈਲਾਉਣ ਤੋਂ ਲੈ ਕੇ ਗ਼ੈਰ ਇਖ਼ਲਾਕੀ ਵਿਹਾਰ ਦੇ ਮਾਮਲੇ 'ਚ ਸਖ਼ਤ ਸਜ਼ਾ ਦੀ ਮੱਦ ਹੈ।

# 78 ਹਜ਼ਾਰ ਰੁਪਏ ਕਿੱਲੋ ਵਿਕਦਾ ਗਧੀ ਦੇ ਦੁੱਧ ਦਾ ਪਨੀਰ



ਕੀ ਤੁਸੀ ਜਾਣਦੇ ਹਨ ਕਿ ਦੁਨੀਆ ਦਾ ਸਭ ਤੋਂ ਮਹਿੰਗਾ ਪਨੀਰ ਕਿੱਥੇ ਬਣਾਇਆ ਜਾਂਦਾ ਹੈ? ਕਿਵੇਂ ਬਣਾਇਆ ਜਾਂਦਾ ਹੈ ਅਤੇ ਇਸ ਦੀ ਕੀ ਕੀਮਤ ਹੁੰਦੀ ਹੈ? ਦੁਨੀਆ ਦਾ ਸਭ ਤੋਂ ਮਹਿੰਗਾ ਪਨੀਰ ਯੂਰਪੀ ਦੇਸ਼ ਸਰਬਿਆ ਦੇ ਇੱਕ ਫ਼ਾਰਮ ਵਿੱਚ ਬਣਾਇਆ ਜਾਂਦਾ ਹੈ, ਜਿਸਦੀ ਕੀਮਤ ਕਰੀਬ 78 ਹਜਾਰ ਰੁਪਏ ਕਿੱਲੋ ਤੱਕ ਹੁੰਦੀ ਹੈ। ਇਸ ਪਨੀਰ ਦੇ ਬਾਰੇ ਵਿੱਚ ਹੋਰ ਵੀ ਹੈਰਾਨ ਕਰਨ ਵਾਲੀ ਜਾਣਕਾਰੀ ਹੈ। ਇਹ ਗਾਂ ਦੇ ਦੁੱਧ ਤੋਂ ਨਹੀਂ ਬਣਦਾ ਅਤੇ ਨਾ ਹੀ ਬਹੁਤ ਜ਼ਿਆਦਾ ਮਾਤਰਾ ਵਿੱਚ ਬਣਾਇਆ ਜਾ ਸਕਦਾ ਹੈ।

ਸਫੇਦ ਰੰਗ ਦਾ, ਸੰਘਣਾ ਜਮਾਂ ਅਤੇ ਫਲੇਵਰ ਯੁਕਤ ਇਹ ਸਵਾਦਿਸ਼ਟ ਪਨੀਰ ਸਰਬੀਆ ਦੇ ਇੱਕ ਫ਼ਾਰਮ ਵਿੱਚ ਗਧੀ ਦੇ ਦੁੱਧ ਤੋਂ ਬਣਾਇਆ ਜਾਂਦਾ ਹੈ । ਇਸ ਨੂੰ ਬਣਾਉਣ ਵਾਲੇ ਸਲੋਬੋਦਾਨ ਸਿਮਿਕ ਦੀਆਂ ਮੰਨੀਏ ਤਾਂ ਇਹ ਪਨੀਰ ਨਹੀਂ ਕੇਵਲ ਲਜੀਜ ਹੁੰਦਾ ਹੈ ਸਗੋਂ ਸਿਹਤ ਦੇ ਲਿਹਾਜ਼ ਤੋਂ ਵੀ ਬਿਹਤਰ ਵਿਕਲਪ ਹੈ। ਉੱਤਰੀ ਸਰਬਿਆ ਦੇ ਇੱਕ ਕੁਦਰਤੀ ਰਿਜ਼ਰਵ ਨੂੰ ਜੈਸਾਵਿਕਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇੱਥੇ ਸਿਮਿਕ 200 ਤੋਂ ਜ਼ਿਆਦਾ ਗਧੇ ਨੂੰ ਪਾਲਦੇ ਹਨ ਅਤੇ ਉਨ੍ਹਾਂ ਦੇ ਦੁੱਧ ਤੋਂ ਕਈ ਤਰ੍ਹਾਂ ਦੇ ਉਤਪਾਦ ਤਿਆਰ ਕਰਦੇ ਹਨ।

# ਲਾਹੌਰ 'ਚ ਭਾਈ ਤਾਰੂ ਸਿੰਘ ਦੇ ਸ਼ਹੀਦੀ ਅਸਥਾਨ 'ਤੇ ਕਬਜ਼ਾ ਕਰਨ ਵਾਲਾ ਗ੍ਰਿਫ਼ਤਾਰ



ਲਾਹੌਰ, 28 ਜੁਲਾਈ (ਪੋਸਟ ਬਿਊਰੋ): ਪਾਕਿਸਤਾਨ ਦੇ ਲਾਹੌਰ ਸ਼ਹਿਰ 'ਚ ਸਥਿਤ ਸ਼ਹੀਦ ਭਾਈ ਤਾਰੂ ਸਿੰਘ ਦੇ ਸ਼ਹੀਦੀ ਅਸਥਾਨ 'ਤੇ ਕਬਜ਼ਾ ਕਰਨ ਦੀ ਨੀਅਤ ਰੱਖਣ ਵਾਲੇ ਸੋਹੇਲ ਬੱਟ ਨੂੰ ਓਕਾਫ਼ ਬੋਰਡ ਦੇ ਸਕੱਤਰ ਦੀ ਸ਼ਿਕਾਇਤ 'ਤੇ ਸਥਾਨਕ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸੋਹੇਲ ਵੱਲੋਂ ਸਿੱਖਾਂ ਨੂੰ ਉਲਟਾ ਧਮਕੀਆਂ ਵੀ ਦਿੱਤੀਆਂ ਗਈਆਂ ਸਨ। ਪਾਕਿਸਤਾਨ ਅੰਦਰ ਸਿੱਖਾਂ ਦੇ ਕਈ ਇਤਿਹਾਸਕ ਗੁਰਦੁਆਰਾ ਸਾਹਿਬਾਨ ਮੌਜੂਦ ਹਨ ਜਿਨ੍ਹਾਂ ਨਾਲ ਪੂਰੇ ਸਿੱਖ ਜਗਤ ਦੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ। ਇਨ੍ਹਾਂ ਇਤਿਹਾਸਕ ਅਸਥਾਨਾਂ ਵਿੱਚੋਂ ਹੀ ਇਕ ਸ਼ਹੀਦ ਭਾਈ ਤਾਰੂ ਸਿੰਘ ਦਾ ਸ਼ਹੀਦੀ ਅਸਥਾਨ ਵੀ ਹੈ। ਭਾਈ ਤਾਰੂ ਸਿੰਘ ਸਿੱਖ ਕੌਮ ਦੇ ਮਹਾਨ ਸ਼ਹੀਦ ਹਨ। ਇਸ ਸ਼ਹੀਦ ਦੇ ਅਸਥਾਨ ਨੂੰ ਕੁਝ ਲੋਕਾਂ ਵੱਲੋਂ ਆਪਣੇ ਕਬਜ਼ੇ ਵਿਚ ਲੈਣ ਦੀ ਕਾਰਵਾਈ ਨੂੰ ਵੇਖਦਿਆਂ ਸਿੱਖ ਸੰਗਤਾਂ ਵਿਚ ਭਾਰੀ ਰੋਸ ਸੀ। ਦੇਸ਼ ਤੇ ਵਿਦੇਸ਼ਾਂ ਦੀਆਂ ਸਿੱਖ ਸੰਗਤਾਂ ਦੇ ਰੋਸ ਨੂੰ ਦੇਖਦਿਆਂ ਪਾਕਿਸਤਾਨ ਓਕਾਫ਼ ਬੋਰਡ ਦੇ ਚੇਅਰਮੈਨ ਨੂੰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਵੱਲੋਂ ਕਬਜ਼ਾ ਛੁਡਵਾਉਣ ਲਈ ਅਪੀਲ ਕੀਤੀ ਗਈ ਸੀ ਜਿਸ ਪਿੱਛੋਂ ਓਕਾਫ਼ ਬੋਰਡ ਨੂੰ ਇਸ ਵਿਚ ਦਖਲ ਦੇਣਾ ਪਿਆ। ਓਕਾਫ਼ ਬੋਰਡ ਦੇ ਸਕੱਤਰ ਨੇ ਡੀਆਈਜੀ ਨੂੰ 24 ਘੰਟਿਆਂ ਅੰਦਰ ਕਾਰਵਾਈ ਕਰਨ ਲਈ ਕਿਹਾ ਤਾਂ ਪੁਲਿਸ ਵੱਲੋਂ ਕਾਰਵਾਈ ਕਰਦਿਆਂ ਸਬੰਧਿਤ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

# ਮਲੇਸ਼ੀਆ ਦੇ ਸਾਬਕਾ ਪੀਐੱਮ ਨਜੀਬ ਰੱਜ਼ਾਕ ਨੂੰ 12 ਸਾਲ ਦੀ ਜੇਲ੍ਹ



ਕੁਆਲਾਲੰਪੁਰ, 28 ਜੁਲਾਈ (ਪੋਸਟ ਬਿਉਰੋ): ਮਲੇਸ਼ੀਆ ਦੀ ਇਕ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਨਜੀਬ ਰੱਜ਼ਾਕ ਨੂੰ ਅਰਬਾਂ ਡਾਲਰ ਦੇ ਸਰਕਾਰੀ ਨਿਵੇਸ਼ ਨਾਲ ਜੁੜੇ ਭ੍ਰਿਸ਼ਟਾਚਾਰ ਦੇ ਪਹਿਲੇ ਮੁਕੱਦਮੇ 'ਚ ਮੰਗਲਵਾਰ ਨੂੰ ਦੋਸ਼ੀ ਕਰਾਰ ਦਿੱਤਾ ਹੈ। ਉਨ੍ਹਾਂ ਨੂੰ 12 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਉਨ੍ਹਾਂ 'ਤੇ 210 ਮਿਲੀਅਨ ਰਿੰਗਿਟ (49.40 ਮਿਲੀਅਨ ਅਮਰੀਕੀ ਡਾਲਰ ਲਗਪਗ 370 ਕਰੋੜ ਰੁਪਏ) ਦਾ ਜੁਰਮਾਨਾ ਵੀ ਲਾਇਆ ਗਿਆ ਹੈ। ਇਹ ਫ਼ੈਸਲਾ ਨਵੇਂ ਸੱਤਾਧਿਰ ਗੱਠਜੋੜ 'ਚ ਨਵੀਬ ਦੀ ਪਾਰਟੀ ਦੇ ਸਭ ਤੋਂ ਵੱਡੇ ਸਹਿਯੋਗੀ ਗੱਠਜੋੜ ਵਜੋਂ ਸ਼ਾਮਲ ਹੋਣ ਦੇ ਪੰਜ ਮਹੀਨੇ ਬਾਅਦ ਆਇਆ ਹੈ। ਅਰਬਾਂ ਡਾਲਰ ਦੇ ਘੁਟਾਲੇ ਨੂੰ ਲੈ ਕੇ ਜਨਤਾ ਦੇ ਗੁੱਸੇ ਕਾਰਨ 2018 'ਚ ਨਜੀਬ ਦੀ ਪਾਰਟੀ ਨੂੰ ਸੱਤਾ ਤੋਂ ਬਾਹਰ ਹੋਣਾ ਪਿਆ ਸੀ।

ਜੱਜ ਮੁਹੰਮਦ ਨਜ਼ਲਾਨ ਗਜ਼ਾਲੀ ਨੇ ਦੋ ਘੰਟੇ ਤਕ ਫ਼ੈਸਲੇ ਨੂੰ ਪੜ੍ਹਨ ਤੋਂ ਬਾਅਦ ਕਿਹਾ, 'ਮੈਂ ਮੁਲਜ਼ਮ ਨੂੰ ਦੋਸ਼ੀ ਪਾਇਆ ਹੈ ਤੇ ਸਾਰੇ ਸੱਤ ਦੋਸ਼ਾਂ 'ਚ ਦੋਸ਼ੀ ਕਰਾਰ ਦਿੰਦਾ ਹੈ।' ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਹ ਫ਼ੈਸਲਾ ਨਜੀਬ ਦੇ ਹੋਰ ਮੁਕੱਦਮਿਆਂ 'ਤੇ ਅਸਰ ਪਾਵੇਗਾ ਤੇ ਕਾਰੋਬਾਰੀ ਫਿਰਕੇ ਨੂੰ ਵੀ ਇਹ ਸੰਕੇਤ ਜਾਵੇਗਾ ਕਿ ਮਲੇਸ਼ੀਆ ਦਾ ਕਾਨੂੰਨੀ ਤੰਤਰ ਕੌਮਾਂਤਰੀ ਵਿੱਤੀ ਅਪਰਾਧਾਂ ਨਾਲ ਨਜਿੱਠਣ 'ਚ ਮਜਬੂਤ ਹੋ ਚੁੱਕਾ ਹੈ। ਨਜੀਬ (67) ਨੇ ਅੱਗੇ ਅਪੀਲ ਕਰਨ ਦੀ ਗੱਲ ਕਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਧੋਖੇਬਾਜ਼ ਬੈਂਕਰਾਂ ਨੇ ਉਨ੍ਹਾਂ ਨੂੰ ਝਟਕਾ ਦਿੱਤਾ ਤੇ ਇਹ ਉਨ੍ਹਾਂ ਖ਼ਿਲਾਫ਼ ਸਿਆਸੀ ਮਾਮਲਾ ਹੈ। ਉਨ੍ਹਾਂ ਨੇ ਸੋਮਵਾਰ ਦੇਰ ਰਾਤ ਫੇਸਬੁੱਕ 'ਤੇ ਲਿਖਿਆ, 'ਪਹਿਲੇ ਦਿਨ ਤੋਂ ਮੈਂ ਕਿਹਾ ਹੈ, ਇਹ ਮੇਰੇ ਲਈ ਆਪਣੇ ਨਾਂ ਤੋਂ ਦਾਗ਼ ਧੋਣ ਦਾ ਮੌਕਾ ਹੈ? ਇਸ ਤੋਂ ਬਾਅਦ, ਅਸੀਂ ਅਦਾਲਤ 'ਚ ਅਪੀਲ ਕਰਾਂਗੇ, ਮੈਂ ਤਿਆਰ ਹਾਂ।'

ਨਜੀਬ ਪੰਜ ਵੱਖ-ਵੱਖ ਮੁਕੱਦਮਿਆਂ 'ਚ 42 ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ ਤੇ ਉਨ੍ਹਾਂ ਨੂੰ ਕਈ ਸਾਲ ਤਕ ਦੀ ਸਜ਼ਾ ਹੋ ਸਕਦੀ ਹੈ। ਮੌਜੂਦਾ ਮੁਕੱਦਮੇ 'ਚ ਸੱਤਾ ਦੀ ਦੁਰਵਰਤੋਂ ਦਾ ਇਕ ਦੋਸ਼, ਭਰੋਸਾ ਤੋੜਨ ਦੇ ਤਿੰਨ ਅਪਰਾਧਿਕ ਦੋਸ਼ ਤੇ ਮਨੀ ਲਾਂਡ੍ਰਿੰਗ ਦੇ ਤਿੰਨ ਦੋਸ਼ ਸ਼ਾਮਲ ਹਨ। ਭਰੋਸਾ ਤੋੜਨ ਦੇ ਤਿੰਨ ਅਪਰਾਧਿਕ ਦੋਸ਼ਾਂ ਤੇ ਮਨੀ ਲਾਂਡ੍ਰਿੰਗ ਦੇ ਤਿੰਨ ਦੋਸ਼ਾਂ 'ਚ ਵੀ ਉਨ੍ਹਾਂ ਨੂੰ 10 ਸਾਲ ਦੀ ਸਜ਼ਾ ਦਿੱਤੀ ਗਈ ਹੈ। ਹਾਲਾਂਕਿ ਇਹ ਸਾਰੀਆਂ ਸਜ਼ਾਵਾਂ ਇਕੱਠੀਆਂ ਚੱਲਣਗੀਆਂ।

# ਜਾਧਵ ਨੂੰ ਅਪੀਲ ਦਾ ਅਧਿਕਾਰ ਦੇਣ ਵਾਲਾ ਆਰਡੀਨੈਂਸ ਪਾਕਿ ਦੀ ਸੰਸਦ 'ਚ ਪੇਸ਼

ਇਸਲਾਮਾਬਾਦ, 28 ਜੁਲਾਈ (ਪੋਸਟ ਬਿਊਰੋ): ਪਾਕਿਸਤਾਨ 'ਚ ਵਿਰੋਧੀਆਂ ਦੇ ਸਖ਼ਤ ਵਿਰੋਧ 'ਚ ਇਮਰਾਨ ਖਾਨ ਸਰਕਾਰ ਨੇ ਸੋਮਵਾਰ ਨੂੰ ਭਾਰਤੀ ਜਲ ਸੈਨਾ ਦੇ ਸਾਬਕਾ ਅਧਿਕਾਰੀ ਕੁਲਭੂਸ਼ਣ ਜਾਧਵ ਨਾਲ ਸੰਬੰਧਿਤ ਆਰਡੀਨੈਂਸ ਸੰਸਦ 'ਚ ਪੇਸ਼ ਕੀਤਾ। ਕੌਮਾਂਤਰੀ ਅਦਾਲਤ ਦੀ ਸਮੀਖਿਆ ਤੇ ਪੁਨਰਵਿਚਾਰ ਆਰਡੀਨੈਂਸ 2020 ਜਾਧਵ ਨੂੰ ਫ਼ੌਜ ਅਦਾਲਤ ਦੇ ਫ਼ੈਸਲੇ ਨੂੰ ਇਸਲਾਮਾਬਾਦ ਹਾਈਕੋਰਟ 'ਚ ਚੁਣੌਤੀ ਦੇਣ ਦਾ ਅਧਿਕਾਰ ਪ੍ਰਦਾਨ ਕਰੇਗਾ। ਜਾਧਵ ਨੂੰ ਅਪ੍ਰੈਲ 2017 'ਚ ਫ਼ੌਜ ਦੀ ਅਦਾਲਤ ਨੇ ਜਾਸੂਸੀ ਤੇ ਅੱਤਵਾਦ ਫੈਲਾਉਣ ਦਾ ਦੋਸ਼ੀ ਮੰਨਦੇ ਹੋਏ ਫਾਂਸੀ ਦੀ ਸਜ਼ਾ ਸੁਣਾਈ ਸੀ।

ਜਾਧਵ ਦੀ ਪਾਕਿਸਤਾਨ 'ਚ ਗ੍ਰਿਫ਼ਤਾਰੀ ਤੇ ਉਨ੍ਹਾਂ ਨੇ ਕਾਨੂੰਨੀ ਸਹਾਇਤਾ ਦਿੱਤੇ ਬਗੈਰ ਸਜ਼ਾ ਸੁਣਾਉਣ 'ਤੇ ਭਾਰਤ ਨੇ ਸਖ਼ਤ ਇਤਰਾਜ ਜਤਾਇਆ ਸੀ ਤੇ ਫ਼ੈਸਲੇ ਖ਼ਿਲਾਫ਼ ਕੌਮਾਂਤਰੀ ਅਦਾਲਤ ਗਏ ਸੀ। ਕੌਮਾਂਤਰੀ ਅਦਾਲਤ ਨੇ ਜੁਲਾਈ 2019 'ਚ ਜਾਧਵ ਦੀ ਫਾਂਸੀ ਦੀ ਸਜ਼ਾ 'ਤੇ ਅੰਤਰਿਮ ਰੋਕ ਲਾਉਂਦੇ ਹੋਏ ਸਜ਼ਾ ਦੀ ਸਮੀਖਿਆ ਤੇ ਉਸ 'ਤੇ ਪੁਨਰਵਿਚਾਰ ਕਰਨ ਤੇ ਜਾਧਵ ਨੂੰ ਕਾਨੂੰਨੀ ਸਹਾਇਤਾ ਦੇਣ ਦਾ ਆਦੇਸ਼ ਪਾਕਿਸਤਾਨ ਸਰਕਾਰ ਨੂੰ ਦਿੱਤਾ ਸੀ।

ਇਸ ਤੋਂ ਬਾਅਦ ਪਾਕਿਸਤਾਨ ਸਰਕਾਰ ਜਾਧਵ ਨਾਲ ਭਾਰਤੀ ਅਧਿਕਾਰੀਆਂ ਨੂੰ ਮਿਲਾਉਣ ਨੂੰ ਤਿਆਰ ਹੋਈ ਤੇ ਉਨ੍ਹਾਂ ਨੂੰ ਸਜ਼ਾ ਖ਼ਿਲਾਫ਼ ਅਪੀਲ ਕਰਨ ਦਾ ਮੌਕਾ ਦਿੱਤਾ ਜਾਣ ਲਈ ਆਰਡੀਨੈਂਸ ਲਾਇਆ ਗਿਆ ਹੈ। ਪਾਕਿਸਤਾਨੀ ਵਿਵਸਥਾ ਮੁਤਾਬਕ ਆਰਡੀਨੈਂਸ ਨੂੰ ਸੰਸਦ ਦੇ ਹੇਠਲੇ ਸਦਨ 'ਚ ਪੇਸ਼ ਕੀਤਾ ਗਿਆ ਹੈ। ਉਸ ਪ੍ਰਧਾਨ ਮੰਤਰੀ ਦੇ ਸੰਸਦੀ ਮਾਮਲਿਆਂ ਦੇ ਸਲਾਹਕਾਰ ਬਾਬਰ ਅਵਾਨ ਨੇ ਪੇਸ਼ ਕੀਤਾ ਹੈ।

ਪਿਛਲੇ ਹਫ਼ਤੇ ਵੀ ਆਰਡੀਨੈਂਸ ਨੂੰ ਸਦਨ 'ਚ ਪੇਸ਼ ਕਰਨ ਦੀ ਕੋਸ਼ਿਸ਼ ਹੋਈ ਸੀ ਪਰ ਵਿਰੋਧੀ ਪਾਕਿਸਤਾਨ ਮੁਸਲਿਮ ਲੀਗ ਨਵਾਜ ਤੇ ਪਾਕਿਸਤਾਨ ਪੀਪਲਜ਼ ਪਾਰਟੀ ਨੇ ਵਿਰੋਧ 'ਚ ਸਦਨ ਦਾ ਬਾਈਕਾਟ ਕਰ ਦਿੱਤਾ ਸੀ ਪਰ ਇਸ ਦੇ ਚੱਲਦਿਆਂ ਸਦਨ ਦਾ ਕੋਰਮ ਪੂਰਾ ਨਾ ਹੋਣ ਕਾਰਨ ਆਰਡੀਨੈਂਸ ਪੇਸ਼ ਨਹੀਂ ਹੋ ਸਕਿਆ ਸੀ। ਪਾਕਿਸਤਾਨ ਦੇ ਵਿਰੋਧੀ ਦਲ ਇਸ ਆਰਡੀਨੈਂਸ ਦਾ ਵਿਰੋਧ ਕਰ ਰਹੇ ਹਨ

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਫਿਲਮੀ ਦੁਨੀਆ

## ਸਾਕਿਬ ਅਤੇ ਸ਼ਵੇਤਾ ਦੀ ‘ਕਾਮੇਡੀ ਕਪਲ’ ਆਏਗੀ ਡਿਜ਼ੀਟਲ 'ਤੇ

## ਖੁਦ 'ਤੇ ਯਕੀਨ ਰੱਖਣਾ ਜ਼ਰੂਰੀ ਹੈ: ਰਾਧਿਕਾ



‘ਪਟਾਕਾ’ ਅਤੇ ‘ਅੰਗਰੇਜ਼ੀ ਮੀਡੀਅਮ’ ਵਰਗੀਆਂ ਫਿਲਮਾਂ ਨਾਲ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾ ਚੁੱਕੀ ਰਾਧਿਕਾ ਮਦਾਨ ਮੰਨਦੀ ਹੈ ਕਿ ਆਪਣੇ ਸੁਫਨਿਆਂ ਨੂੰ ਪੂਰਾ ਕਰਨ ਲਈ ਖੁਦ 'ਤੇ ਯਕੀਨ ਬਹੁਤ ਜ਼ਰੂਰੀ ਹੈ। ਰਾਧਿਕਾ ਦੇ ਮੁਤਾਬਕ ਫਿਲਮਾਂ ਵਿੱਚ ਆਉਣ ਤੋਂ ਪਹਿਲਾਂ ਲੋਕ ਉਸ ਨੂੰ ਕਹਿੰਦੇ ਸਨ ਕਿ ਟੀ ਵੀ ਅਭਿਨੇਤਰੀਆਂ ਨੂੰ ਫਿਲਮਾਂ ਵਿੱਚ ਕੋਈ ਕੰਮ ਨਹੀਂ ਦਿੰਦਾ। ਸੁਸ਼ਾਂਤ ਸਿੰਘ ਰਾਜਪੂਤ ਦੀ ਮਿਸਾਲ ਦਿੰਦੇ ਹੋਏ ਰਾਧਿਕਾ ਨੇ ਕਿਹਾ ਕਿ ਜਦ ਸੁਸ਼ਾਂਤ ਸਫਲ ਹੋ ਸਕਦੇ ਹਨ, ਤਾਂ ਉਹ ਕਿਉਂ ਨਹੀਂ। ਅਸੀਂ ਖੁਦ ਦੇ ਬਾਰੇ ਜੋ ਸੋਚਦੇ ਹਾਂ, ਲੋਕਾਂ ਨੂੰ ਵੀ ਉਹੀ ਨਜ਼ਰ ਆਉਂਦਾ ਹੈ।

ਇਸ ਦੌਰਾਨ ਰਾਧਿਕਾ ਨੇ ਫਿਲਮ ‘ਅੰਗਰੇਜ਼ੀ ਮੀਡੀਅਮ’ ਵਿੱਚ ਆਪਣੀ ਚੋਣ ਦੇ ਬਾਰੇ ਦੱਸਿਆ ਕਿ ਇਸ ਫਿਲਮ ਵਿੱਚ ਸਾਰਿਕਾ ਦੇ ਕਿਰਦਾਰ ਲਈ ਨਿਰਮਾਤਾ ਸੋਲ੍ਹਾ-ਸਤ੍ਹਾਰਾਂ ਸਾਲ ਦੀ ਕਿਸੇ ਲੜਕੀ ਨੂੰ ਲੈਣਾ ਚਾਹੁੰਦੇ ਸਨ। ਉਨ੍ਹਾਂ ਫਿਲਮ ਦੇ ਡਾਇਰੈਕਟਰ ਹੋਮੀ ਅਦਜਾਨੀਆ ਨੂੰ ਜਿੱਦ ਕਰ ਕੇ ਆਪਣਾ ਆਡੀਸ਼ਨ ਦਿੱਤਾ। ਆਡੀਸ਼ਨ ਦੇਖ ਕੇ ਹੋਮੀ ਨੇ ਖੁਸ਼ ਹੋਕ`ੇ ਕਿਹਾ ਕਿ ਇਹੀ ਲੜਕੀ ਫਿਲਮ ਦੀ ਸਾਰਿਕਾ ਹੈ। ਰਾਧਿਕਾ ਮੁਤਾਬਕ ਲੋਕ ਆਪਣੇ ਸਮੇਂ ਦੀ ਵਰਤੋਂ ਫਾਲਤੂ ਚੀਜ਼ਾਂ ਸੋਚ ਕੇ ਖੁਦ ਨੂੰ ਕਮਜ਼ੋਰ ਕਰਨ ਵਿੱਚ ਕਰਦੇ ਹਨ ਜਾਂ ਕੁਝ ਨਵਾਂ ਸਿੱਖਣ ਵਿੱਚ ਕਰਦੇ ਹਨ, ਇਹ ਉਨ੍ਹਾਂ ਦੇ ਉਪਰ ਨਿਰਭਰ ਕਰਦਾ ਹੈ। ਉਨ੍ਹਾਂ ਨੇ ਆਪਣੇ ਸਮੇਂ ਦੀ ਵਰਤੋਂ ਰੋਜ਼ ਕੁਝ ਨਵਾਂ ਸਿੱਖਣ ਵਿੱਚ ਕੀਤੀ, ਤਾਂ ਕਿ ਮੌਕਾ ਮਿਲਣ 'ਤੇ ਆਪਣਾ ਸੌ ਫੀਸਦੀ ਪ੍ਰਤਿਭਾ ਲੋਕਾਂ ਨੂੰ ਦਿਖਾ ਸਕੇ। ਰਾਧਿਕਾ ਸਨੀ ਕੌਸ਼ਲ ਦੇ ਨਾਲ ਫਿਲਮ ‘ਸ਼ਿੱਦਤ’ ਵਿੱਚ ਨਜ਼ਰ ਆਏਗੀ।



ਸ਼ੂਟਿੰਗ ਦਾ ਕੰਮ ਹੌਲੀ-ਹੌਲੀ ਪਟੜੀ 'ਤੇ ਮੁੜਨ ਨਾਲ ਸਾਕਿਬ ਸਲੀਮ ਅਤੇ ਸ਼ਵੇਤਾ ਬਸੁ ਪ੍ਰਸਾਦ ਨੇ ਪਿਛਲੇ ਹਫਤੇ ਤੋਂ ਹੀ ਆਪਣੀ ਫਿਲਮ ‘‘ਕਾਮੇਡੀ ਕਪਲ’ ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਸੀ। ਇਸ ਫਿਲਮ ਦੇ ਫਸਟ ਲੁਕ ਨਾਲ ਜਲਦੀ ਫਿਲਮ ਦੀ ਡਿਜੀਟਲ ਪਲੇਟਫਾਰਮ ਜੀ5 'ਤੇ ਰਿਲੀਜ਼ ਕਰਨ ਦਾ ਐਲਾਨ ਕੀਤਾ ਗਿਆ। ਟਵਿੱਟਰ 'ਤੇ ਫਿਲਮ ਦਾ ਫਸਟ ਲੁਕ ਸਾਂਝਾ ਕਰਦੇ ਹੋਏ ਸ਼ਵੇਤਾ ਨੇ ਲਿਖਿਆ, ‘ਕਾਮੇਡੀ ਕਪਲ’ ਤੁਹਾਨੂੰ ਖੂਬ ਹਸਾਏਗੀ। ਤਿਆਰ ਹੋ ਜਾਓ ਭਾਰਤ ਦੀ ਪਹਿਲੀ ਰੋਮਾਂਟਿਕ ਕਾਮੇਡੀ ਫਿਲਮ ਦੇ ਲਈ, ਜੋ ਤੁਹਾਨੂੰ ਪਿਆਰ ਤੋਂ ਹਾਸੇ ਤੱਕ ਦੇ ਖੂਬਸੂਰਤ ਸਫਰ 'ਤੇ ਲੈ ਜਾਏਗੀ। ਜਲਦੀ ਹੀ ਜੀ5 'ਤੇ ਆ ਰਹੀ ਹੈ।’’

ਗੁੜਗਾਓਂ ਦੇ ਪਿਛੋਕੜ 'ਤੇ ਬਣੀ ਇਹ ਫਿਲਮ ਦੋ ਸਟੈਂਡਅਪ ਕਾਮੇਡੀਅਨ ਜੋਇਆ ਬੱਤਰਾ ਅਤੇ ਦੀਪ ਸ਼ਰਮਾ ਦੀ ਕਹਾਣੀ ਹੈ, ਜੋ ਇਨ੍ਹਾਂ ਦੋਵਾਂ ਦੀ ਦੋਸਤੀ, ਆਪਸੀ ਸੰਬੰਧ ਅਤੇ ਹਾਲਾਤਾਂ ਦੇ ਅਨੁਸਾਰ ਹੋਣ ਵਾਲੀਆਂ ਮਨੋਰੰਜਕ ਘਟਨਾਵਾਂ ਦੇ ਆਲੇ-ਦੁਆਲੇ ਘੁੰਮਦੀ ਹੈ। ਨਚਿਕੇਤ ਸਾਵੰਤ ਦੇ ਨਿਰਦੇਸ਼ਨ ਵਿੱਚ ਬਣ ਰਹੀ ਇਸ ਫਿਲਮ ਵਿੱਚ ਸ਼ਵੇਤਾ ਜੋਇਆ ਬੱਤਰਾ ਦਾ ਅਤੇ ਸਾਕਿਬ ਦੀਪ ਸ਼ਰਮਾ ਦਾ ਕਿਰਦਾਰ ਨਿਭਾ ਰਹੇ ਹਨ। ਸ਼ਵੇਤਾ ਦਾ ਕਹਿਣਾ ਹੈ, ‘‘ਇਹ ਇੱਕ ਕਾਮੇਡੀ ਫਿਲਮ ਹੈ, ਜਿਸ ਵਿੱਚ ਬਹੁਤ ਸਾਰਾ ਡਰਾਮਾ ਤੇ ਰੋਮਾਂਸ ਵੀ ਹੈ।’’ ਇਸ ਫਿਲਮ ਵਿੱਚ ਸ਼ਵੇਤਾ ਅਤੇ ਸਾਕਿਬ ਦੇ ਇਲਾਵਾ ਸ਼ੁਭਾ ਰਾਜਪੂਤ ਅਤੇ ਪੂਜਾ ਬੇਦੀ ਵੀ ਮੁੱਖ ਭੂਮਿਕਾਵਾਂ ਵਿੱਚ ਹਨ।



## ਬੋਰਿੰਗ, ਘੱਟ ਬੋਲਣ ਵਾਲੀ ਅਤੇ ਸੰਕੋਚੀ ਹਾਂ : ਸਾਨਿਆ



ਅਭਿਨੇਤਰੀ ਸਾਨਿਆ ਮਲਹੋਤਰਾ ਦਾ ਕਹਿਣਾ ਹੈ ਕਿ ਉਹ ਘੱਟ ਬੋਲਣ ਵਾਲੀ ਅਤੇ ਸੰਕੋਚੀ ਹੈ ਅਤੇ ਉਹ ਖੁਦ ਨੂੰ ਜ਼ਾਹਰ ਕਰਨ ਲਈ ਡਾਂਸ ਅਤੇ ਐਕਟਿੰਗ ਦਾ ਸਹਾਰਾ ਲੈਂਦੀ ਹੈ। ਉਸ ਤੋਂ ਐਕਟਿੰਗ ਦੀ ਪ੍ਰਕਿਰਿਆ ਬਾਰੇ ਪੁੱਛੇ ਜਾਣ 'ਤੇ ਉਸ ਨੇ ਕਿਹਾ, ‘‘ਮੇਰੀ ਕੋਈ ਵਿਸ਼ੇਸ਼ ਪ੍ਰਕਿਰਿਆ ਨਹੀਂ, ਇਹ ਇੱਕ ਸਿਖਿਆ ਹੈ। ਹਰ ਕਿਰਦਾਰ ਜੋ ਮੈਂ ਨਿਭਾਉਂਦੀ ਹਾਂ, ਉਹ ਹਰ ਫਿਲਮ ਨਾਲ ਬਦਲਦਾ ਹੈ। ਇਸ ਦੇ ਇਲਾਵਾ ਖਾਸ ਤੌਰ ਉੱਤੇ ਇਸ ਲਈ ਵੀ ਕਿ ਮੈਂ ‘ਦੰਗਲ' ਵਰਗੀ ਫਿਲਮ ਨਾਲ ਸ਼ੁਰੂਆਤ ਕੀਤੀ ਸੀ ਤੇ ਅਸੀਂ ਦੇਖ ਸਕਦੇ ਹਾਂ ਕਿ ਜਦ ਤੁਸੀਂ ਕੈਮਰੇ ਦੇ ਸਾਹਮਣੇ ਜਾਣ ਤੋਂ ਸਖਤ ਮਿਹਨਤ ਕਰਦੇ ਹੋ ਅਤੇ ਖੁਦ ਨੂੰ ਤਿਆਰ ਕਰਦੇ ਹੋ ਤਾਂ ਉਹ ਅਸਲ ਵਿੱਚ ਸਕਰੀਨ 'ਤੇ ਦਿਖਾਈ ਦਿੰਦਾ ਹੈ।’’

ਖੁਦ ਦੇ ਬਾਰੇ ਉਸ ਨੇ ਕਿਹਾ, ‘‘ਮੈਂ ਬੋਰਿੰਗ ਹਾਂ। ਨਾਲ ਹੀ ਘੱਟ ਬੋਲਣ ਵਾਲੀ ਅਤੇ ਸੰਕੋਚੀ ਹਾਂ, ਯਾਨੀ ਇਕਦਮ ਸ਼ਾਂਤ।’’ ਉਹ ਖੁਦ ਨੂੰ ਕਲਾ ਦੇ ਖੇਤਰ ਵਿੱਚ ਸ਼ਾਮਲ ਕਰਨਾ ਬਹੁਤ ਪਸੰਦ ਕਰਦੀ ਹੈ।

## ਵਰਦੀ ਵਿੱਚ ਜ਼ਿੰਮੇਵਾਰੀ ਦਾ ਅਹਿਸਾਸ ਹੁੰਦਾ ਹੈ : ਦਰਸ਼ਨ ਕੁਮਾਰ

ਵੈਬ ਪਲੇਟਫਾਰਮ ਲਗਾਤਾਰ ਸੱਚੀਆਂ ਘਟਨਾਵਾਂ ਅਤੇ ਵਿਸ਼ਿਆਂ 'ਤੇ ਸੀਰੀਜ਼ ਬਣਾ ਰਿਹਾ ਹੈ। ਸਾਲ 2016 ਵਿੱਚ ਉੜੀ ਕੈਂਪ 'ਤੇ ਹੋਏ ਅੱਤਵਾਦੀ ਹਮਲੇ ਅਤੇ ਜਵਾਬੀ ਕਾਰਵਾਈ ਵਿੱਚ ਕੀਤੀ ਗਈ ਸਰਜੀਕਲ ਸਟਰਾਈਕ ਉੱਤੇ ਇੱਕ ਵੈੱਬ ਸੀਰੀਜ਼ ‘ਅਵਰੋਧ :ਦ ਸੀਜ਼ ਵਿਦਇਨ' ਆ ਰਹੀ ਹੈ। ਅਮਿਤ ਸਾਧ, ਦਰਸ਼ਨ ਕੁਮਾਰ, ਮਧੁਰਿਮਾ ਤੁਲੀ, ਨੀਰਜ ਕਾਬੀ ਦੇ ਅਭਿਨੈ ਵਾਲੀ ਇਸ ਵੈਬ ਸੀਰੀਜ਼ ਵਿੱਚ ਨੌਂ ਐਪੀਸੋਡ ਹੋਣਗੇ। ਸ਼ੋਅ ਵਿੱਚ ਨੀਰਜ ਕਾਬੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਦਾ ਕਿਰਦਾਰ ਨਿਭਾ ਰਹੇ ਹਨ। ਨੀਰਜ ਦੱਸਦੇ ਹਨ ਕਿ ਸ਼ੋਅ ਵਿੱਚ ਉਨ੍ਹਾਂ ਦਾ ਕਾਫੀ ਮਹੱਤਵ ਪੂਰਨ ਕਿਰਦਾਰ ਹੈ, ਜੋ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਤੋਂ ਪ੍ਰੇਰਿਤ ਹੈ। ਸ਼ੋਅ ਦੇ ਹਰ ਇੱਕ ਪਲ, ਹਰ ਇੱਕ ਸੀਨ ਵਿੱਚ ਤੁਹਾਨੂੰ ਦੇਸ਼ਭਗਤੀ ਦਾ ਜਜ਼ਬਾ ਦਿਖਾਈ ਦੇਵੇਗਾ।

ਅਭਿਨੇਤਾ ਦਰਸ਼ਨ ਕੁਮਾਰ ਆਰਮੀ ਦੀ ਵਰਦੀ ਪਹਿਨਣ ਬਾਰੇ ਕਹਿੰਦੇ ਹਨ, ‘‘ਮੇਰੇ ਰੌਂਗਟੇ ਖੜੇ ਹੋ ਗਏ ਸਨ, ਜਦ ਪਹਿਲੀ ਵਾਰ ਵਰਦੀ ਪਹਿਨੀ ਸੀ। ਆਪਣੇ ਦੇਸ਼ ਲਈ ਮਾਣ ਤੇ ਜ਼ਿੰਮੇਵਾਰੀ ਦਾ ਅਹਿਸਾਸ ਹੁੰਦਾ ਹੈ। ਇਸ ਕਿਰਦਾਰ ਵਿੱਚ ਆਰਮੀ ਦੇ ਲੋਕਾਂ ਦੇ ਬਾਡੀ ਲੈਂਗਵੇਜ਼ ਨੂੰ ਅਪਣਾਉਣ ਲਈ ਮੈਂ ਚਾਰ-ਪੰਜ ਮਹੀਨੇ ਤੱਕ ਚਟਾਈ 'ਤੇ ਸੁੱਤਾ ਹਾਂ। ਇਹ ਰੂਟੀਨ ਮੈਂ ਕਸ਼ਮੀਰ ਦੀ ਠੰਢ ਵਿੱਚ ਵੀ ਅਪਣਾਈ ਰੱਖਿਆ। ਆਰਮੀ ਦੀ ਟਰੇਨਿੰਗ ਲਈ ਸਾਨੂੰ ਸਵੇਰੇ ਚਾਰ ਵਜੇ ਉਠਣਾ ਹੁੰਦਾ ਸੀ। ਸਾਨੂ ਮਾਰਚਿੰਗ ਕਰਨਾ ਵੀ ਸਿਖਾਇਆ ਗਿਆ ਸੀ। ਉਸ ਕਿਰਦਾਰ ਨੂੰ ਆਪਣੇ ਅੰਦਰ ਰੱਖਣ ਦੇ ਲਈ ਮੈਂ ਦੋ ਮਹੀਨੇ ਤੱਕ ਰੋਜ਼ਾਨਾ ਜੂਹੂ ਬੀਚ 'ਤੇ ਜਾ ਕੇ ਮਾਰਚਿੰਗ ਕਰਦਾ ਸੀ।’’ 31 ਜੁਲਾਈ ਨੂੰ ਇਹ ਸ਼ੋਅ ਸੋਨੀ ਲਿਵ 'ਤੇ ਸਟ੍ਰਿਮਿੰਗ ਦੇ ਲਈ ਉਪਲਬਧ ਹੋਵੇਗਾ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ। ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।

ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!! 905-793-2202

## ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:

647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

## Security Jobs - Security Guard Training - Licensing

GF1

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

- Ministry of Community Safety and Correctional Services approved.
- We speak English, Hindi, Punjabi &Urdu.
- Training by Professional Instructors. First Aid & CPR certification included.
- Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner

## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952
70 Delta Park Blvd, Unit # 4, Brampton

## Call for Free Estimates

A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

## ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

AL EMPLOYMENT SERVICES INC

Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

## CELLNTELL DISTRIBUTION INC
### 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com

## PESTAGON Ltd

PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience


## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ੂਰਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Marriage

# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐੱਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ।
ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।
ਸੰਪਰਕ ਕਰੋ : 437-233-7609 ।
ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## UPPAL LAW

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AVTAR UPPAL
Manager

AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## STARLANE PAINTING

Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

